# ਸੋਧ

ਅਗਸਤ 1977 (ਜਿਲਦ 6 ਨੰਬਰ 8)

August 1977

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

Rs. 1.50

AUGUST, 1977
Vol. 6
No. 8

# ਸੇਧ

ਮਾਰਕਸਵਾਦੀ ਵਿਚਾਰਾਂ ਦਾ ਸੁਤੰਤਰ ਮਾਸਕ-ਪੱਤਰ

⊙ ਮਾਰਕਸਵਾਦੀ ਪਾਰਟੀ ਦਾ ਕ ਡਰ (7)

⊙ ਜਾਤ-ਪਾਤੀ ਇੰਦਰ-ਜਾਲ—2 (13)

⊙ ਕਾਂਗਰਸ ਦਾ 'ਗ਼ਰੀਬੀ ਹਟਾਓ' ਦਾ ਸਿਆਸੀ ਢਕੌਂਚ—1 (19)

⊙ ਖੱਬੀਆਂ ਪਾਰਟੀਆਂ ਦੀ ਸਥਿਤੀ (26)

⊙ 'ਪਵਿੱਤਰ ਪਾਪੀ'—ਕੁਰਾਹੇ ਪਈ ਕਲਪਨਾ ਦੀ ਦਾਸਤਾਨ (31)

⊙ "ਲਹੂ ਦੀ ਲੋਅ" 'ਤੇ ਹੋਰ ਵਿਚਾਰ-ਵਟਾਂਦਰਾ

ਮਤਾਂ ਕੋਈ ਭੁਲੇ (37)

ਪੇਸ਼ ਮਸਲੇ ਤੋਂ ਖਿਸਕੀ ਆਲੋਚਨਾ (49)

ਹੋਈ ਚਰਚਾ ਅਤੇ ਕੁਝ ਨਿਰਣੈ (55)

Edited Printed & Published by
Gurvel Singh Pannu,

S E D H. A/42, Defence Colony
NewDelhi-110024. Ph. No. 626300

Hony Co Editor
Harcharan Singh Sobti

Printed at 'LOK PRINTERS'
A1/12, Krishan Nagar, Delhi-51.



ਐਸਕੋਰਟਸ ਦਾ ਮਤਲਬ ਹੈ—ਵਸਤਾਂ ਦੀ ਵੰਨਗੀ ਵਖ ਵਖ ਪ੍ਰਕਾਰ ਦੇ ਗਾਹਕਾਂ ਲਈ। ਕਿਸਾਨਾਂ ਲਈ—ਟਰੈਕਟਰ ਅਤੇ ਜ਼ਰਾਇਤੀ ਸੰਦ। ਉਸਾਰੀ ਇੰਜੀਨੀਅਰਾਂ ਅਤੇ ਸਨਅਤੀ ਅਦਾਰਿਆਂ ਲਈ—ਸਨਅਤੀ ਟਰੈਕਟਰ ਤੇ ਕਰੇਨਾਂ। ਮੋਟਰ ਕਾਰਾਂ ਵਾਲਿਆਂ ਲਈ—ਸ਼ਾਕ ਐਬਜ਼ਾਰਬਰਜ਼ ਅਤੇ ਪਿਮਟਨ ਆਦਿ। ਦਫ਼ਤਰ ਜਾਣ ਵਾਲਿਆਂ ਅਤੇ ਸੈਲ ਸਪਾਟੇ ਦੇ ਸ਼ੁਕੀਨਾਂ ਲਈ ਮੋਟਰ ਸਾਈਕਲ ਤੇ ਸਕੂਟਰ। ਰੇਲਾਂ ਲਈ—ਆਟੋਮੈਟਿਕ ਬਫ਼ਰ ਕੱਪਲਰਜ਼, ਬਰੇਕਾਂ ਤੇ ਸਸਪੈਨਸ਼ਨ ਸਿਸਟਮਜ਼। ਸੁਆਣੀਆਂ ਲਈ—ਘਰਾਂ ਵਿਚ ਵਰਤਣ ਵਾਲੇ ਬਿਜਲੀ ਦੇ ਜੰਤਰ। ਬਰਾਮਦ ਕਰਨ ਵਾਲਿਆ ਲਈ—ਮਾਲ ਬਰਾਮਦ ਕਰਨ ਦੀਆਂ ਮੁਕੰਮਲ ਸੇਵਾਵਾਂ। ਐਸਕੋਰਟਸ ਸਰਕਾਰ ਵਲੋਂ ਪ੍ਰਵਾਨ ਐਕਸਪੋਰਟ ਹਾਊਸ ਹੈ ਅਤੇ ਤਰ੍ਹਾਂ ਤਰ੍ਹਾਂ ਦੀਆਂ ਇੰਜੀਨੀਅਰਿੰਗ ਵਸਤਾਂ ਬਾਹਰ ਭੇਜਦਾ ਹੈ—ਮੋਟਰਾਂ ਅਤੇ ਸਨਅਤੀ ਵਸਤਾਂ ਮੋਟਰ ਸਾਈਕਲ ਤੇ ਟਰੈਕਟਰ, ਇਹਨਾਂ ਦੇਸ਼ਾਂ ਨੂੰ—ਅਮਰੀਕਾ, ਯੂ. ਕੇ., ਪੋਲੈਂਡ, ਸੋਵੀਅਤ ਯੂਨੀਅਨ, ਮਿਸਰ, ਸੁਡਾਨ, ਜ਼ੈਮਬੀਆ, ਸ਼੍ਰੀਲੰਕਾ, ਮਲਸ਼ੀਆ, ਅਫ਼ਗਾਨਿਸਤਾਨ, ਈਰਾਨ, ਤੇ ਨੇਪਾਲ। ਅਤੇ ਹੋਰ ਅਨੇਕਾਂ ਵਸਤਾਂ ਤੇ ਸੇਵਾਵਾਂ ਜਿਹਨਾਂ ਕਰਕੇ ਐਸਕੋਰਟਸ ਦਾ ਨਾਂ ਤਕਰੀਬਨ ਹਰ ਸਨਅਤ, ਹਰ ਅਦਾਰੇ ਅਤੇ ਹਰ ਘਰ ਵਿਚ ਪ੍ਰਸਿਧ ਹੈ।

**ਐਸਕੋਰਟਸ ਲਿਮਿਟਡ**

ਨਵੀਂ ਦਿੱਲੀ, ਫਰੀਦਾਬਾਦ,
ਬੰਬਈ, ਕਲਕੱਤਾ, ਮਦਰਾਸ।



# ਅੱਜ ਬਚਾਓ
# ਕੱਲ੍ਹ ਤੇ ਪਰਸੋਂ
# ਰੱਜ ਕੇ ਖਾਓ



ਪੰਜਾਬ ਐਂਡ ਸਿੰਧ ਬੈਂਕ ਦੀਆਂ ਅਨੇਕਾਂ ਫਾਇਦੇ ਮੰਦ ਯੋਜਨਾਵਾਂ ਆਪਦੇ ਕੰਮ ਵਿੱਚ ਸਹਾਈ ਹੋ ਸਕਦੀਆਂ ਹਨ ਜੋ ਪੰਜ ਸਾਲ ਤੋਂ ਲੈ ਕੇ ਪੰਝੀ ਸਾਲ ਤੱਕ ਹਨ। ਆਪਣੀ ਲੋੜ ਅਨੁਸਾਰ ਤੁਸੀਂ ਆਪਣੀ ਯੋਜਨਾ ਚੁਣ ਸਕਦੇ ਹੋ ਅਤੇ ਸੁੱਖ ਦੀ ਨੀਂਦ ਸੌਂ ਸਕਦੇ ਹੋ। ਫਿਰ ਤੁਹਾਡੇ ਪੈਸੇ ਨੂੰ ਵਧਣੋਂ ਕੋਈ ਨਹੀਂ ਰੋਕ ਸਕਦਾ।

ਪੰਜਾਬ ਐਂਡ ਸਿੰਧ ਬੈਂਕ ਦੇਸ ਦੇ ਕੋਨੇ ਕੋਨੇ ਵਿੱਚ ਤੁਹਾਡਾ ਹਿੱਤਕਾਰੀ ਹੈ।

## ਭਾਗਿਸ਼ਾਲੀ ਡੀਪੌਜ਼ਿਟ ਯੋਜਨਾ

| ਜਮ੍ਹਾਂ ਕਰਨ ਦੀ ਰਕਮ | ਸਮਾਂ | ਵਾਪਸ ਮਿਲਣ ਵਾਲੀ ਰਕਮ |
|---|---|---|
| 5000/- | 25 ਸਾਲ | 60,284/- |
| 5000/- | 20 ਸਾਲ | 36,640/- |
| 5000/- | 15 ਸਾਲ | 22,289/- |
| 5000/- | 10 ਸਾਲ | 13,535/- |
| 5000/- | 61 ਮਹੀਨੇ | 8,295/- |

*PSB-The Name of total banking service*

**THE PUNJAB & SIND BANK LTD.**

(Regd Office: Hall Bazar, Amritsar) Admn & Central Office: B45/47 Connaught Place, New Delhi

Chairman : Inderjit Singh



**Maximising yield out of your field**

**Fertilizer Corporation shows how**

THE FERTILIZER CORPORATION OF INDIA LIMITED

F.C.I.'s farm scientists help the fellow farmers to maximise their crop production through the adoption of scientific package of practices using fertilizers as the king pin. For this F.C.I. organises Field Demonstrations, Field Days, Group Discussions in their fields & provides free soil testing service for applying the correct dosage of fertilizers.

*FCI SERVES THE NATION IN AGRICULTURE AND INDUSTRY*




# ਨੈਸ਼ਨਲ ਬੁਕ ਟਰੱਸਟ, ਇੰਡੀਆ
## ਦੇ ਨਵੇਂ ਪ੍ਰਕਾਸ਼ਨ

**ਮਨੁਖ ਦੇ ਰੂਪ** (ਹਿੰਦੀ ਨਾਵਲ)—ਯਸ਼ਪਾਲ; ਅਨੁਵਾਦ : ਐਸ. ਐਸ. ਮੀਸ਼ਾ ।

ਏਸ ਨਾਵਲ ਵਿਚ ਇਕ ਪਹਾੜਨ ਵਿਧਵਾ ਮੁਟਿਆਰ ਦੀ ਜ਼ਿੰਦਗੀ ਰਾਹੀਂ ਵਖੋ ਵਖ ਹਾਲਤਾਂ ਵਿਚ ਇਕ ਹੀ ਮਨੁੱਖ ਦੇ ਵਖੋ ਵਖ ਰੂਪਾਂ ਅਤੇ ਸਮਾਜ ਦੇ ਬਹੁਤ ਸਾਰੇ ਵਰਗਾਂ ਅਤੇ ਮਨੁੱਖ ਦੇ ਅਨੇਕ ਰੂਪਾਂ ਦੀ ਕਹਾਣੀ ਨਾਲੋਂ ਨਾਲ ਹੈ । ਇਸ ਦਾ ਕੈਨਵਸ ਵਿਸ਼ਾਲ ਹੈ । ਸਮਾਜਕ ਟੋਏ ਟਿੱਬਿਆਂ ਤੇ ਆਪਸੀ ਵਿਰੋਧਾਂ ਨੂੰ ਲੇਖਕ ਨੇ ਤੀਖਣ ਰੂਪ ਵਿਚ ਉਭਾਰਿਆ ਹੈ । ਇਸ ਵਿਚ ਮਨੁੱਖ ਦੀ ਹੀਣਤਾ ਤੇ ਮਹਾਨਤਾ ਤੇ ਯਥਾਰਥ ਚਿਤਰਣ ਦਾ ਇਕ ਕੌੜਾ ਜਤਨ ਕੀਤਾ ਗਿਆ ਹੈ ਤੇ ਇਹ ਲੇਖਕ ਦੇ ਇਸ ਵਿਸ਼ਵਾਸ ਨੂੰ ਸਿੱਧ ਕਰਦਾ ਹੈ ਕਿ ਹਾਲਾਤ ਤੋਂ ਮਜਬੂਰ ਹੋ ਕੇ ਮਨੁੱਖ ਦੇ ਰੂਪ ਬਦਲ ਜਾਂਦੇ ਹਨ ।

ਸਫ਼ੇ : **312+11** ਕੀਮਤ : **12.00**

**ਰਾਗ ਦਰਬਾਰੀ :** ਸ੍ਰੀ ਲਾਲ ਸ਼ੁਕਲ; ਅਨੁਵਾਦ : ਪ੍ਰੀਤਮ ਸਿੰਘ

'ਗੋਦਾਨ' ਮਗਰੋਂ ਹਿੰਦੀ ਨਾਵਲ ਸਾਹਿਤ ਵਿਚ ਸ੍ਰੀ ਲਾਲ ਸ਼ੁਕਲ ਦਾ ਇਹ ਨਾਵਲ 'ਰਾਗ ਦਰਬਾਰੀ' ਇਸੇ ਲਈ ਮਹੱਤਵਪੂਰਣ ਹੈ ਕਿ ਇਸ ਵਿਚ ਸ਼ਹਿਰ ਤੋਂ ਪਿੰਡ ਵਲ ਤੁਰਨ ਦੀ ਉਹ ਕਹਾਣੀ ਕਹੀ ਗਈ ਹੈ ਜਿਹੜੀ ਹਮਦਰਦੀ ਦੀ ਪੱਧਰ ਤੇ ਸਮਾਜਕ ਬੇਈਮਾਨੀ, ਚਲਾਕੀ ਤੇ ਧੋਖਾਦੇਹੀ ਦਾ ਪਰਦਾ ਫ਼ਾਸ਼ ਕਰਨ ਦੀ ਇਕ ਈਮਾਨਦਾਰ ਕੋਸ਼ਿਸ਼ ਹੈ । ਰਾਗ ਦਰਬਾਰੀ ਇਕ ਅਜੇਹੀ ਰਚਨਾ ਹੈ ਜਿਸ ਵਿਚ ਆਜ਼ਾਦੀ ਦੇ ਮਗਰੋਂ ਦੀ ਹਾਲਤ ਉਤੇ ਸਾਰਥਕ ਵਿਅੰਗ ਹੈ ।

ਸਫ਼ੇ : **326** ਕੀਮਤ : **11.00**

**ਹਿੰਦੀ ਇਕਾਂਗੀ :** ਸੰਪਾਦਕ-ਚੰਦਰਗੁਪਤ ਵਿਦਿਆਲੰਕਾਰ; ਅਨੁਵਾਦ : ਗੁਰਸ਼ਰਨ ਸਿੰਘ

ਇਹ ਵੱਖ ਵੱਖ ਸ਼ੈਲੀਆਂ ਦੀ ਪ੍ਰਤੀਨਿਧਤਾ ਕਰਨ ਵਾਲਾ ਸੰਗ੍ਰਹਿ ਹੈ । ਸਾਰੇ ਰਚਨਾਕਾਰ ਹਿੰਦੀ ਜਗਤ ਦੇ ਜਾਣੇ ਪਛਾਣੇ ਲੇਖਕ ਹਨ ।

ਸਫ਼ੇ : **250+12** ਕੀਮਤ : **12.00**

**ਫੁਲ ਕੁਮਲਾਇਆ :** (ਮਰਾਠੀ ਨਾਵਲ) ਪੁ. ਯ. ਦੇਸ਼ਪਾਂਡੇ; ਮਰਾਠੀ ਤੋਂ ਸਿੱਧਾ ਪੰਜਾਬੀ ਅਨੁਵਾਦ : ਸਵਰਨ ਸਿੰਘ ।

ਇਹ ਨਾਵਲ ਅਸਫਲ ਪ੍ਰੇਮ ਦੀ ਜਜ਼ਬਾਤੀ ਕਹਾਣੀ ਹੈ । ਪ੍ਰਤੀਕਾਤਮਕਤਾ ਹੀ ਇਸ ਦੀ ਖ਼ਾਸੀਅਤ ਹੈ ।

ਸਫ਼ੇ : **66+14** ਕੀਮਤ : **4.25**

**ਇਹ ਪੁਸਤਕਾਂ ਇਹਨਾਂ ਥਾਵਾਂ ਤੋਂ ਮਿਲ ਸਕਦੀਆਂ ਹਨ :**

| | | |
|---|---|---|
| ਵਿਕਰੀ ਅਧਿਕਾਰੀ | **ਨਵਯੁਗ ਪਬਲਿਸ਼ਰਜ਼** | **ਨਿਊ ਏਜ ਬੁਕ ਸੈਂਟਰ** |
| **ਨੈਸ਼ਨਲ ਬੁਕ ਟਰੱਸਟ ਇੰਡੀਆ,** | ਚਾਂਦਨੀ ਚੌਂਕ | 22, ਮਹਾਂ ਸਿੰਘ ਗੇਟ ਮਾਰਕੀਟ |
| ਏ-੫, ਗ੍ਰੀਨ ਪਾਰਕ | ਦਿੱਲੀ-11006 | **ਅੰਮ੍ਰਿਤਸਰ** |
| ਨਵੀਂ ਦਿੱਲੀ-110016 | | |




ਪ੍ਰੋ: ਕਿਸ਼ਨ ਸਿੰਘ

## ਮਾਰਕਸਵਾਦੀ ਪਾਰਟੀ ਦਾ ਕਾਡਰ

ਸਮਾਜਕ ਮਨੁਖੀ ਜ਼ਿੰਦਗੀ ਵਿਚ ਸਾਰਾ ਪੁਆੜਾ ਬੰਦੇ ਦੀ ਗੁਲਾਮੀ ਦਾ, ਬੰਦੇ ਉਤੇ ਜਾਇਦਾਦ ਦੀ, ਪੈਸੇ ਦੀ ਸਰਦਾਰੀ ਦਾ ਹੈ। ਸਰਮਾਇਦਾਰੀ ਵਿਚ ਜਾਇਦਾਦ ਦੀ ਸਰਦਾਰੀ ਸਰਮਾਏ ਦੀ ਸਰਦਾਰੀ ਦੇ ਰੂਪ ਵਿਚ ਹੈ ਅਤੇ ਇਹ ਨਿਜ਼ਾਮ ਜਾਇਦਾਦ ਦੀ ਬੰਦੇ ਉਤੇ ਸਰਦਾਰੀ ਦਾ ਸਿਖਰਲਾ ਤੇ ਅਖੀਰਲਾ ਨਿਜ਼ਾਮ ਹੈ। ਪੈਦਾਵਾਰ ਦਾ ਬੁਰਜਵਾ ਰੂਪ ਵਰਕਰ 'ਤੇ ਕੀ ਵਰਤਾਉਂਦਾ ਹੈ, ਮਨੁਖਤਾ ਦੇ ਨੁਕਤੇ ਤੋਂ ਸਰਮਾਇਦਾਰ ਨੂੰ ਵੀ ਕਿਸ ਤਰ੍ਹਾਂ ਕੰਗਾਲ ਕਰਦਾ ਹੈ, ਤੇ ਹੋਈ ਪੈਦਾਵਾਰ ਦੇ ਰੋਲ ਨੂੰ ਵੀ ਕੀ ਦਾ ਕੀ ਬਣਾ ਧਰਦਾ ਹੈ—ਇਹ ਸੇਧ ਦੇ ਸਫ਼ਿਆਂ ਵਿਚ ਵੇਖਿਆ ਜਾ ਚੁਕਾ ਹੈ। ਦੂਸਰੇ ਲਫ਼ਜ਼ਾਂ ਵਿਚ, ਹੁਣ ਤਕ ਅਸਾਂ ਪੈਦਾਵਾਰ ਦੇ ਬੁਰਜਵਾ ਰੂਪ ਨੂੰ, ਸਰਮਾਇਦਾਰੀ ਨੂੰ ਕਰਤੇ ਦੇ ਰੂਪ ਵਿਚ ਹੀ ਵੇਖਿਆ ਹੈ। ਪਰ ਬੰਦੇ ਦਾ ਨਿਜ਼ਾਮ ਨਾਲ, ਪੈਦਾਵਾਰ ਦੇ ਰੂਪ ਨਾਲ, ਪੈਦਾਵਾਰ ਦੇ ਰਿਸ਼ਤਿਆਂ ਨਾਲ ਰਿਸ਼ਤਾ ਡਾਇਲੈਕਟਿਕ ਹੁੰਦਾ ਹੈ, ਸਿਰਫ਼ ਕਾਰਜ ਤੇ ਕਾਰਨ ਵਾਲਾ ਹੀ ਨਹੀਂ ਹੁੰਦਾ। ਇਹ ਠੀਕ ਹੈ ਕਿ ਬੰਦਾ ਤੇ ਉਸ ਦੀ ਬਣਤਰ ਸਮਾਜਕ ਰਿਸ਼ਤਿਆਂ ਦੀ ਸਿਰਜਣਾ ਹੁੰਦੇ ਹਨ. ਪਰ ਦੂਸਰੇ ਪਾਸੇ ਤੋਂ ਇਹ ਵੀ ਸਹੀ ਹੈ ਕਿ **ਬੰਦਾ ਤੇ ਉਸ ਦਾ ਅਮਲ ਇਹਨਾਂ ਰਿਸ਼ਤਿਆਂ ਦੇ ਸਿਰਜਣਹਾਰ ਵੀ ਹੁੰਦੇ ਹਨ।** ਸਰਮਾਏਦਾਰਾਂ ਨੂੰ ਤਾਂ ਸਰਮਾਏਦਾਰੀ ਨਿਜ਼ਾਮ ਤੇ ਬੁਰਜਵਾ ਰਿਸ਼ਤੇ ਕੁਦਰਤੀ ਅੱਛੇ ਲਗਦੇ ਹਨ। ਹੋਰ ਸਭਸ ਨੂੰ, ਸਭ ਕਾਸੇ ਤੋਂ ਬੇਦਖ਼ਲ ਕਰਕੇ ਇਹ ਨਿਜ਼ਾਮ ਧੜਾ ਧੜ ਸਮਾਜ ਦੀ ਸਭ ਆਰਥਕ, ਸਮਾਜਕ, ਸਿਆਸੀ ਤੇ ਵਿਚਾਰਧਾਰਕ ਤਾਕਤ ਇਹਨਾਂ ਦੇ ਪੱਲੇ ਪਾਈ ਆਉਂਦਾ ਹੈ। ਸਮਾਜ ਦੀ ਸਭ ਵਸੋਂ ਦੀ ਜੀਆ-ਪਾਈ ਦੇ ਵਸੀਲੇ ਇਹਨਾਂ ਦੇ ਹੱਥ ਦੇਈ ਆਉਂਦਾ ਹੈ। ਬੁਰਜਵਾ ਰਿਸ਼ਤੇ ਬੁਰਜਵਾ ਬਣਤਰ ਨੂੰ ਉਸਾਰਦੇ ਹਨ ਅਤੇ ਮੁੜਦੀ ਪੈਰੀਂ ਬੁਰਜਵਾਜ਼ੀ ਇਹਨਾਂ ਰਿਸ਼ਤਿਆਂ ਨੂੰ ਚਲਾਉਂਦੀ ਹੈ ਅਤੇ ਖ਼ੁਸ਼ ਹੈ। ਪਰ ਬੁਰਜਵਾ ਰਿਸ਼ਤੇ ਪਰੋਲਤਾਰੀ ਨੂੰ ਵੀ ਪੈਦਾ ਕਰਦੇ ਹਨ, ਭਾਵੇਂ ਉਸ ਨੂੰ ਇਹ ਕਿਸੇ ਪਾਸੇ ਤੋਂ ਵੀ ਰਜਾਉਂਦੇ ਨਹੀਂ, ਹਰ ਨੁਕਤੇ ਤੋਂ ਹੱਥਲ ਹੀ ਕਰਦੇ ਹਨ। ਸੋ ਪਰੋਲਤਾਰੀ ਦੀ ਪੁਜ਼ੀਸ਼ਨ ਬੁਰਜਵਾਜ਼ੀ ਵਾਲੀ ਨਹੀਂ।

ਸਮਾਜਵਾਦ ਦਾ ਸੁਪਨਾ ਲੈਣ ਵਾਲਾ ਪਹਿਲਾ ਆਦਮੀ ਮਾਰਕਸ ਨਹੀਂ ਸੀ। ਸਰਮਾਇਦਾਰੀ ਦੇ ਅੱਤਿਆਚਾਰ ਤੇ ਉਸ ਵਲ ਨਫ਼ਰਤ ਤੋਂ ਸਮਾਜਵਾਦ ਦੀ ਕਲਪਨਾ ਪੈਦਾ ਹੋਈ। ਇਹ ਕਲਪਨਾ ਕਰਨ ਵਾਲੇ ਯੂਟੋਪੀਅਨ ਸਮਾਜਵਾਦੀ ਸਨ। ਉਹਨਾਂ ਸਮਾਜਵਾਦ ਦੀ ਕਲਪਨਾ ਤਾਂ ਕੀਤੀ ਪਰ ਇਸ ਨੇ ਰਾਇਜ ਕਿਸ ਤਰ੍ਹਾਂ ਹੋਣਾ ਹੈ, ਕਿਸ ਨੇ ਕਰਨਾ ਹੈ—ਇਸ ਦੀ ਬਾਬਤ ਉਹ ਭੰਬਲ-ਭੂਸਿਆਂ ਵਿਚੋਂ ਨਾ ਨਿਕਲ ਸਕੇ। ਸਾਇੰਟਿਫਿਕ ਪੱਧਰ 'ਤੇ ਸਮਾਜਵਾਦ ਨੂੰ ਮਾਰਕਸ ਨੇ ਲਿਆਂਦਾ। ਉਸ

ਨੇ ਨਾ ਸਿਰਫ਼ ਸਰਮਾਏਦਾਰੀ ਸਮਾਜ ਦੀ ਬਣਤਰ ਦਾ, ਪੈਦਾਵਾਰ ਦੇ ਬੁਰਜਵਾ ਵੇਗ ਦਾ ਸਾਇੰਟਿਫਿਕ ਵਿਸ਼ਲੇਸ਼ਨ ਕੀਤਾ, ਬਲਕਿ ਉਸ ਨੇ ਇਹ ਵੀ ਸਪਸ਼ਟ ਕੀਤਾ ਕਿ ਪੈਦਾਵਾਰ ਦੇ ਬੁਰਜਵਾ ਰੂਪ ਨੇ ਆਪਣੇ ਵੈਰੀ ਆਪ ਪੈਦਾ ਕਰ ਦਿੱਤੇ ਹਨ ਅਤੇ ਇਸ ਦੇ ਗੁਲਾਮਾਂ, ਪਰੋਲਤਾਰੀ ਜਮਾਤ, ਨੇ ਹੀ ਇਸ ਦੀ ਕਬਰ ਪੁਟ ਕੇ ਇਸ ਨੂੰ ਉਸ ਵਿਚ ਪਾਉਣਾ ਹੈ ।

ਇਤਿਹਾਸਕ ਉਸਾਰੀ ਦੀ ਸਟੇਜ ਉਹ ਆ ਗਈ ਹੈ ਕਿ ਸਮਾਜਵਾਦ ਦੀ ਸਥਾਪਤੀ ਤੇ ਛੱਡੋ, ਬੁਰਜਵਾ ਜਮਹੂਰੀ ਇਨਕਲਾਬ ਦਾ ਇਤਿਹਾਸਕ ਕੰਮ ਵੀ ਮਾਰਕਸਵਾਦੀ ਪੈਂਤੜੇ 'ਤੇ ਆਇਆਂ ਬਗੈਰ ਸਿਰੇ ਨਹੀਂ ਚੜ੍ਹ ਸਕਦਾ । ਰੂਸ, ਚੀਨ, ਤੇ ਵੀਤਨਾਮ ਦੇ ਇਨਕਲਾਬਾਂ ਇਹ ਸਪਸ਼ਟ ਕਰ ਦਿਤਾ ਹੈ ਕਿ ਪਛੜੇ ਹੋਏ ਮੁਲਕਾਂ ਦਾ, ਸਾਮਰਾਜ ਦੇ ਸ਼ਿਕੰਜੇ ਵਿਚੋਂ ਨਿਕਲਣ ਦਾ ਇਕੋ ਇਕ ਰਾਹ ਮਾਰਕਸਵਾਦੀ ਪੈਂਤੜੇ 'ਤੇ ਆਉਣਾ ਹੈ । ਕਿਊਬਾ ਦੇ ਇਨਕਲਾਬ ਨੇ ਤਾਂ ਇਹ ਵੀ ਪਰਤਖ ਕਰ ਦਿੱਤਾ ਹੈ ਕਿ ਪਛੜੇ ਹੋਏ ਮੁਲਕਾਂ ਦੇ ਇਨਕਲਾਬੀ ਸ਼ੁਰੂ ਵਿਚ ਭਾਵੇਂ ਮਾਰਕਸਵਾਦੀ ਹੋਣ ਭਾਵੇਂ ਨਾ, ਜੇ ਉਹ ਆਪਣੇ ਮੁਲਕ ਨੂੰ ਸਹੀ ਅਰਥਾਂ ਵਿਚ ਆਜ਼ਾਦ ਕਰਾਉਣਾ ਚਾਹੁੰਦੇ ਹਨ, ਉਸ ਦੇ ਦਵਾਲਿਉਂ ਸਾਮਰਾਜ ਦੇ ਪਾਏ ਸੰਗਲ ਤੋੜਨਾ ਚਾਹੁੰਦੇ ਹਨ, ਆਪਣੇ ਘਰ ਦੇ ਸਹੀ ਅਰਥਾਂ ਵਿਚ ਆਪ ਮਾਲਕ ਬਣਨਾ ਚਾਹੁੰਦੇ ਹਨ ਤਾਂ ਉਹਨਾਂ ਦਾ ਮਾਰਕਸਵਾਦੀ ਪੈਂਤੜੇ 'ਤੇ ਆਉਣਾ ਲਾਜ਼ਮੀ ਹੈ । ਸੋ ਜਿਥੋਂ ਤਕ ਇਤਿਹਾਸਕ ਉਸਾਰੀ ਦੀ ਸਟੇਜ ਦਾ ਤੁਅੱਲਕ ਹੈ ਮਾਰਕਸਵਾਦੀ ਪੈਂਤੜਾ ਸਹੀ ਅਰਥਾਂ ਵਿਚ ਇਤਿਹਾਸਕ ਏਜੰਡੇ 'ਤੇ ਹੈ । ਇਕ ਪਾਸੇ ਤੋਂ ਸੰਸਾਰ ਦੀ ਇਤਿਹਾਸਕ ਉਸਾਰੀ ਦੀ ਸਟੇਜ ਨੇ ਮਾਰਕਸਵਾਦੀ ਪੈਂਤੜੇ ਨੂੰ ਇਤਿਹਾਸਕ ਏਜੰਡੇ 'ਤੇ ਲੈ ਆਂਦਾ ਹੈ, ਦੂਸਰੇ ਪਾਸੇ ਤੋਂ ਇਸ ਪੈਂਤੜੇ ਦਾ ਮੁਦੱਈ ਆਪਣੇ ਇਤਿਹਾਸਕ ਰੋਲ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਰਿਹਾ ਹੈ ।

ਸਨਅਤੀ ਤੌਰ 'ਤੇ ਉਸਰੇ ਸਰਮਾਏਦਾਰੀ ਮੁਲਕਾਂ ਦਾ ਪਰੋਲਤਾਰੀ ਗਿਣਤੀ ਦੇ ਪਖੋਂ ਅਤੇ ਟਰੇਡ ਯੂਨੀਅਨੀ ਘੋਲ ਦੇ ਨੁਕਤੇ ਤੋਂ ਦੇਰ ਦਾ ਬਾਲਗ ਹੋ ਚੁਕਾ ਹੈ । ਆਪਣੇ ਇਵਜ਼ਾਨੇ ਦੀ ਰਾਖੀ ਵਾਸਤੇ ਉਹ ਬੜੀ ਦੇਰ ਤੋਂ ਟਰੇਡ ਯੂਨੀਅਨੀ ਜਦੋ-ਜਹਿਦ ਕਰਦਾ ਆ ਰਿਹਾ ਹੈ । ਪਰ ਵਿਚਾਰਧਾਰਕ ਤੇ ਸਿਆਸੀ ਮੁਹਾਜ਼ਾਂ ਉਤੇ ਉਹ ਪਹੁੰਚਿਆ ਕਿਥੇ ਹੈ ? ਸਿਵਾਏ ਇਕੜ ਦੁਕੜ ਬੰਦਿਆਂ ਦੇ, ਬਤੌਰ ਜਮਾਤ ਉਹ ਸਰਮਾਇਦਾਰੀ ਨਿਜ਼ਾਮ ਵਿਚ ਗੁੰਦਿਆ ਪਿਆ ਹੈ । ਕਾਬਜ਼ ਨਿਜ਼ਾਮ ਦੇ ਵਿਰੁਧ ਇਨਕਲਾਬੀ ਪੈਂਤੜਾ ਉਸ ਦੇ ਚਿਤ ਚੇਤੇ ਨਹੀਂ । ਕਾਬਜ਼ ਨਿਜ਼ਾਮ ਦੀਆਂ ਹੱਦਾਂ ਦੇ ਅੰਦਰ ਅੰਦਰ, ਦੂਸਰੇ ਲਫ਼ਜ਼ਾਂ ਵਿਚ ਇਕਾਨੋਮਿਜ਼ਮ ਦੇ ਅਰਥਾਂ ਵਿਚ ਜਮਾਤੀ ਜਦੋ-ਜਹਿਦ ਤਾਂ ਹੈ (ਵੈਸੇ ਟਰੇਡ ਯੂਨੀਅਨਾਂ ਦੀ ਲੀਡਰਸ਼ਿਪ ਕਾਣੀ ਹੋ ਕੇ ਬੁਰਜਵਾਜ਼ੀ ਨਾਲ ਰਲ ਚੁਕੀ ਹੈ) ਪਰ ਸਮਾਜਵਾਦੀ ਨੁਕਤੇ ਤੋਂ ਆਰਥਕ, ਸਿਆਸੀ ਤੇ ਵਿਚਾਰਧਾਰਕ ਜਮਾਤੀ ਜਦੋ-ਜਹਿਦ ਜਿਵੇਂ ਲੰਮੀਆਂ ਤਾਣ ਕੇ ਸੌਂ ਗਈ ਹੁੰਦੀ ਏ । ਮਾਰਕਸਵਾਦੀ ਪੈਂਤੜੇ ਦਾ ਤਿਆਗ ਸਿਰਫ਼ ਪਰੋਲਤਾਰੀ ਜਮ ਤ ਨੇ ਹੀ ਨਹੀਂ ਕੀਤਾ, ਉਸ ਦੀਆਂ ਪਾਰਟੀਆਂ ਨੇ ਵੀ ਕੋਈ ਕਸਰ ਨਹੀਂ ਛੱਡੀ, ਜਿਵੇਂ ਇਸ ਤਿਆਗ ਵਿਚ ਪਿੱਛੇ ਰਹਿਣ ਨੂੰ ਉਹਨਾਂ ਆਪਣੀ ਤੌਹੀਨ ਸਮਝਿਆ ਹੋਵੇ । ਸੋਸ਼ਲ ਡੈਮੋਕਰੈਟਿਕ ਪਾਰਟੀਆਂ ਨੇ ਤਾਂ ਇਹ ਪੈਂਤੜਾ ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਹੀ ਜਾਂ ਕਮ ਅਜ਼ ਕਮ ਉਸ ਵੇਲੇ ਤੋਂ ਹੀ ਛਡ ਦਿੱਤਾ ਸੀ । ਇਹਨਾਂ ਮੁਲਕਾਂ ਦੀਆਂ ਕਮਿਊਨਿਸਟ ਪਾਰਟੀਆਂ ਇਸ ਰਸਤੇ ਦੂਸਰੀ ਸੰਸਾਰ ਜੰਗ ਤੋਂ ਹਟਦਿਆਂ ਹੀ ਪੈ ਗਈਆਂ । ਮੂੰਹ ਰਖਣੀ ਤਾਂ ਇਹ ਕਰਦੀਆਂ ਆ ਰਹੀਆਂ ਨੇ ਪਰ ਅਮਲੀ ਤੌਰ 'ਤੇ ਇਹਨਾਂ ਮੁੜ ਪਿੱਛਾ ਭੌਂਕੇ ਨਹੀਂ ਵੇਖਿਆ ।

ਪਛੜੇ ਹੋਏ ਮੁਲਕਾਂ ਦੇ ਲੋਕਾਂ ਦੀ ਸਾਮਰਾਜ ਦੇ ਵਿਰੁਧ ਆਪਣੀ ਆਜ਼ਾਦੀ ਵਾਸਤੇ ਜਦੋ-ਜਹਿਦ



ਵਿਚ ਉਸਰੇ ਸਰਮਾਏਦਾਰੀ ਮੁਲਕਾਂ ਦੀ ਪਰੋਲਤਾਰੀ ਤੇ ਉਸ ਦੀਆਂ ਸਿਆਸੀ ਪਾਰਟੀਆਂ ਨੇ ਕੋਈ ਨੁਮਾਇਆਂ ਹਿੱਸਾ ਨਹੀਂ ਪਾਇਆ । ਹਿੱਸਾ ਪਾਇਆ ਅਕਤੂਬਰ ਇਨਕਲਾਬ ਨੇ, ਦੂਸਰੀ ਜੰਗ ਵਿਚ ਰੂਸ ਦੀ ਜਿੱਤ ਤੇ ਉਸ ਤੋਂ ਪੈਦਾ ਹੋਈ ਲੋਕ-ਹੱਕੀ ਹੋਈ ਤਾਕਤ ਦੇ ਤਵਾਜ਼ਨ ਵਿਚ ਤਬਦੀਲੀ ਨੇ । ਇਹਨਾਂ ਮੁਲਕਾਂ ਦੀ ਪਰੋਲਤਾਰੀ ਤੇ ਉਸ ਦੀਆਂ ਸਿਆਸੀ ਪਾਰਟੀਆਂ ਦੇ ਸੁਸਰੀ ਵਾਂਗ ਸੌਂ ਜਾਣ ਦਾ ਨਤੀਜਾ ਕੀ ਹੋਇਆ ਹੈ ? ਨਤੀਜਾ ਹਾਨੀਕਾਰਕ ਹੀ ਨਹੀਂ, ਮਨੁਖ ਦੀ ਆਜ਼ਾਦੀ ਦੇ ਨੁਕਤੇ ਤੋਂ ਭਿਆਨਕ ਹੋਇਆ ਹੈ । ਸਰਮਾਏਦਾਰੀ ਆਪਣੀ ਚੜ੍ਹਦੀ ਜਵਾਨੀ ਵਿਚ ਨਹੀਂ । ਆਪਣੀ ਪਿਛਲੀ ਉਮਰੇ ਹੈ । ਗਹਿਰੇ ਸੰਕਟ ਵਿਚ ਹੈ । ਇਸ ਦੀ ਉਮਰ ਲੰਮੀ ਕੌਣ ਕਰੀ ਜਾਂਦਾ ਹੈ ? ਸਨਅਤੀ ਤੌਰ 'ਤੇ ਉਸਰੇ ਸਰਮਾਏਦਾਰੀ ਮੁਲਕਾਂ ਦੀ ਪਰੋਲਤਾਰੀ ਤੇ ਉਸ ਦੀਆਂ ਪਾਰਟੀਆਂ ਦਾ ਟੌਂਡਪੁਣਾ, ਉਨ੍ਹਾਂ ਦੀ ਘੁਰਾੜੇ ਮਾਰਦੀ ਨੀਂਦ, ਅਤੇ ਇਸ ਨੀਂਦ ਦੇ ਆਸਰੇ ਸਾਮਰਾਜ ਦੀ ਕੀਤੀ ਜਾ ਰਹੀ ਪਛੜੇ ਹੋਏ ਮੁਲਕਾਂ ਦੀ ਲੁਟ-ਖਸੁਟ । ਨਿਜ਼ਾਮ ਸਰਮਾਏਦਾਰੀ ਹੈ । ਇਸ ਦਾ ਬੁਨਿਆਦੀ ਵਿਰੋਧ ਹੈ ਸਰਮਾਏਦਾਰ ਤੇ ਪਰੋਲਤਾਰੀ ਦੇ ਦਰਮਿਆਨ । ਜੇ ਉਸਰੇ ਹੋਏ ਸਰਮਾਏਦਾਰੀ ਮੁਲਕਾਂ ਦੀ ਪਰੋਲਤਾਰੀ ਤੇ ਉਸ ਦੀਆਂ ਸਿਆਸੀ ਪਾਰਟੀਆਂ ਨੂੰ ਮਰੀ ਨਾ ਪੈ ਗਈ ਹੁੰਦੀ ਤਾਂ ਸੰਸਾਰ ਸਟੇਜ ਉਤੇ ਬੁਨਿਆਦੀ ਜਮਾਤੀ ਵਿਰੋਧ ਕਿਸ ਕਿਸ ਦੇ ਦਰਮਿਆਨ ਹੋਣਾ ਚਾਹੀਦਾ ਸੀ ? ਇਹਨਾਂ ਉਸਰੇ ਮੁਲਕਾਂ ਦੀ ਬੁਰਜਵਾਜ਼ੀ ਅਤੇ ਇਹਨਾਂ ਮੁਲਕਾਂ ਦੀ ਪਰੋਲਤਾਰੀ ਦੇ ਦਰਮਿਆਨ । ਪਰ ਇਹਨਾਂ ਮੁਲਕਾਂ ਦੀ ਪਰੋਲਤਾਰੀ ਤੇ ਉਸ ਦੀਆਂ ਸਿਆਸੀ ਪਾਰਟੀਆਂ ਨੂੰ ਮਰੀ ਪੈ ਜਾਣ ਨਾਲ ਸੰਸਾਰ ਸਟੇਜ ਉਤੇ ਬੁਨਿਆਦੀ ਜਮਾਤੀ ਵਿਰੋਧ ਬਣ ਕਿਹੜਾ ਗਿਆ ਹੈ ? ਸਾਮਰਾਜ ਅਤੇ ਪਛੜੇ ਹੋਏ ਮੁਲਕਾ ਦੇ ਲੋਕਾਂ ਦੇ ਦਰਮਿਆਨ । ਕੋਰੀਆ ਦੇ ਤੇ ਵੀਤਨਾਮੀ ਇਨਕਲਾਬ ਨੇ ਪ੍ਰਤੱਖ ਕੀ ਕੀਤਾ ਹੈ ? ਪ੍ਰਤੱਖ ਇਹ ਕੀਤਾ ਹੈ ਕਿ ਪਛੜੇ ਹੋਏ ਮੁਲਕਾਂ ਦੇ ਲੋਕਾਂ ਨੇ ਜਦੋਂ ਆਪਣੀ ਆਜ਼ਾਦੀ ਵਾਸਤੇ ਲੜਨਾ ਹੈ ਤਾਂ ਉਹਨਾਂ ਸਿਰਫ਼ ਆਪਣੀਆਂ ਹਾਕਮ ਜਮਾਤਾਂ ਦਾ ਹੀ ਮੁਕਾਬਲਾ ਨਹੀਂ ਕਰਨਾ, ਬਲਕਿ ਸੰਸਾਰ ਸਾਮਰਾਜ ਦਾ ਵੀ ਸਾਹਮਣਾ ਕਰਨਾ ਹੈ ।

ਸੰਸਾਰ ਸਾਮਰਾਜ, ਪਛੜੇ ਹੋਏ ਮੁਲਕਾਂ ਦੀਆਂ ਹਾਕਮ ਜਮਾਤਾਂ ਨੂੰ ਉਹਨਾਂ ਮੁਲਕਾਂ ਦੇ ਲੋਕਾਂ ਦੇ ਵਿਰੁਧ ਖੜਿਆਂ ਰਖਣ ਵਾਸਤੇ, ਉਹਨਾਂ ਨੂੰ ਬਰਕਰਾਰ ਹੀ ਨਹੀਂ ਰਖਦਾ, ਉਹਨਾਂ ਦੀ ਹਰ ਤਰ੍ਹਾਂ ਮਦਦ ਕਰਕੇ ਉਹਨਾਂ ਨੂੰ ਤਕੜਿਆਂ ਵੀ ਕਰਦਾ ਹੈ । ਅਤੇ ਉਹ ਆਪਣੇ ਲੋਕਾਂ ਦੇ ਵਿਰੁਧ ਉਸ ਦਾ ਸਾਥ ਦੇਂਦੀਆਂ ਨੇ । ਦੂਸਰੇ ਪਾਸੇ, ਸਾਮਰਾਜੀ ਮੁਲਕਾਂ ਦੀ ਸਨਅਤੀ ਮਜ਼ਦੂਰ ਜਮਾਤ, ਆਪਣੀ ਆਜ਼ਾਦੀ ਵਾਸਤੇ ਲੜਦੇ ਪਛੜੇ ਹੋਏ ਮੁਲਕਾਂ ਦੇ ਲੋਕਾਂ ਦਾ ਸਾਥ ਨਹੀਂ ਦੇਂਦੀ, ਬਲਕਿ ਨੰਗੇ ਮੁੰਗੇ, ਬਗੈਰ ਕਿਸੇ ਸ਼ਰਮ ਹੱਯਾ ਦੇ ਆਪਣੀ ਬੁਰਜਵਾਜ਼ੀ ਦਾ ਸਾਥ ਦੇਂਦੀ ਹੈ । ਉਸ ਦੇ ਵਾਸਤੇ ਫ਼ੌਜੀ ਸਾਮਾਨ ਵੀ ਬਣਾਉਂਦੀ ਹੈ ਅਤੇ ਤੁਸ ਦੀ ਫ਼ੌਜ ਦੇ ਸਿਪਾਹੀ ਬਣ ਕੇ ਮੈਦਾਨੇ-ਜੰਗ ਵਿਚ ਉਸ ਦੇ ਹੱਕ ਵਿਚ ਲੜਦੀ ਵੀ ਹੈ । ਜ਼ਬਾਨੀ ਜਮ੍ਹਾਂ ਖਰਚ ਜੋ ਮਰਜ਼ੀ ਹੈ ਕਰਨ, ਪਰੋਲਤਾਰੀ ਦੀਆਂ ਸਿਆਸੀ ਪਾਰਟੀਆਂ ਵੀ ਅਮਲੀ ਤੌਰ 'ਤੇ ਆਪਣੀ ਸਾਮਰਾਜੀ ਬੁਰਜਵਾਜ਼ੀ ਦਾ ਹੀ ਦਮ ਭਰਦੀਆਂ ਨੇ । ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਜੇ ਉਸਰੇ ਸਰਮਾਏਦਾਰੀ ਮੁਲਕਾਂ ਦੀ ਪਰੋਲਤਾਰੀ ਤੇ ਉਸ ਦੀਆਂ ਸਿਆਸੀ ਪਾਰਟੀਆਂ ਵਿਚ ਜਾਨ ਹੁੰਦੀ ਅਤੇ ਜੇ ਉਥੋਂ ਦੀ ਪਰੋਲਤਾਰੀ ਜਮਾਤ ਨੇ ਬੁਨਿਆਦੀ ਸਿਆਸੀ ਵਿਰੋਧ ਆਪਣੇ ਅਤੇ ਆਪਣੀ ਬੁਰਜਵਾਜ਼ੀ ਦੇ ਦਰਮਿਆਨ ਬਣਾਇਆ ਹੁੰਦਾ, ਦੂਸਰੇ ਲਫ਼ਜ਼ਾਂ ਵਿਚ ਜੇ ਉਸ ਨੇ ਮਾਰਕਸਵਾਦੀ ਪੈਂਤੜਾ ਅਪਣਾਇਆ ਹੁੰਦਾ, ਸਮਾਜਵਾਦ ਦਾ ਵਿੱਢਣ ਵਿਢਿਆ ਹੁੰਦਾ, ਆਪਣੀ ਬੁਰਜਵਾਜ਼ੀ ਦੇ ਵਿਰੁਧ ਸਮਾਜਵਾਦੀ ਇਨਕਲਾਬ ਦਾ ਮਸਲਾ ਖੜਾ ਕੀਤਾ ਹੁੰਦਾ, ਤਾਂ

ਸੰਸਾਰ ਸਟੇਜ ਉਤੇ ਸਮਾਜਵਾਦ ਦੀ, ਬੰਦੇ ਦੀ, ਸਰਬਤ ਦੀ ਆਜ਼ਾਦੀ ਦੀ ਪੁਜ਼ੀਸ਼ਨ ਅਜ ਕੀ ਹੁੰਦੀ?

ਪਰੋਲਤਾਰੀ ਦੀ ਹੋਂਦ ਕੁਦਰਤੀ ਸਨਅਤ ਦੀ ਉਸਾਰੀ 'ਤੇ ਹੀ ਮੁਨੱਹਸਰ ਹੈ ਅਤੇ ਉਹ ਬਹੁਤ ਕਰਕੇ ਉੱਸਰੇ ਹੋਏ ਮੁਲਕਾਂ ਵਿਚ ਹੀ ਹੈ। ਪਛੜੇ ਹੋਏ ਮੁਲਕਾਂ ਦੀ ਸਨਅਤੀ ਉਸਾਰੀ ਪਛੜੀ ਹੋਈ ਹੈ, ਸੋ ਇਹਨਾਂ ਮੁਲਕਾਂ ਵਿਚ ਸਨਅਤੀ ਮਜ਼ਦੂਰ ਜਮਾਤ ਦੀ ਗਿਣਤੀ ਕੁਦਰਤੀ ਬਹੁਤੀ ਨਹੀਂ। ਇਹਨਾਂ ਮੁਲਕਾਂ ਦੀ ਵਸੋਂ ਵਿਚ ਪਰੋਲਤਾਰੀ ਸਿਰਫ਼ ਆਟੇ ਵਿਚ ਲੂਣ ਵਾਂਗ ਹੀ ਹੈ। ਵਸੋਂ ਦੇ ਮੁਕਾਬਲੇ 'ਤੇ ਪਛੜੇ ਹੋਏ ਮੁਲਕਾਂ ਦੀ ਪਰੋਲਤਾਰੀ ਪਹਿਲਾਂ ਤਾਂ ਹੈ ਹੀ ਢਾਈ ਟੋਟਰੂ, ਤੇ ਜਿਹੜੀ ਹੈ ਉਹ ਕਿਹੜੀ ਸਾਰੀ ਮਾਰਕਸਵਾਦੀ ਹੈ? ਇਕ ਪਾਸੇ ਤੋਂ ਇਤਿਹਾਸਕ ਉਸਾਰੀ ਦੀ ਸਟੇਜ ਨੇ ਮਾਰਕਸਵਾਦੀ ਪੈਂਤੜਾ ਲਿਆ ਖੜਾ ਕੀਤਾ ਹੈ। ਇਸ ਪੈਂਤੜੇ ਦੇ ਲਿਆ ਖੜਾ ਕਰਨ ਦਾ ਮਤਲਬ ਕੀ ਹੈ? ਮਤਲਬ ਇਹ ਹੈ ਕਿ ਇਸ ਪੈਂਤੜੇ 'ਤੇ ਆਇਆਂ ਬਗ਼ੈਰ ਅੱਜ ਸਮਾਜਕ ਮਨੁਖੀ ਜ਼ਿੰਦਗੀ ਦਾ ਕੋਈ ਬੁਨਿਆਦੀ ਮਸਲਾ ਵੀ ਹਲ ਨਹੀਂ ਹੋ ਸਕਦਾ। ਜੇ ਖੜੇ ਹੋਏ ਅਹਿਮ ਮਸਲਿਆਂ ਨੂੰ ਹਲ ਕਰਨਾ ਹੈ ਤਾਂ ਇਸ ਪੈਂਤੜੇ 'ਤੇ ਆਉਣਾ ਲਾਜ਼ਮੀ ਹੈ। ਇਹ ਪੈਂਤੜਾ ਆਪਣੇ ਅਸਲ ਵਾਰਸਾਂ ਨੂੰ, ਆਪਣੇ ਇਤਿਹਾਸਕ ਮੁਦੱਈਆਂ ਨੂੰ ਵਾਜਾਂ ਮਾਰ ਰਿਹਾ ਹੈ ਕਿ ਆਪਣਾ ਬਿਰਧ ਪਛਾਣੋਂ। ਆਪਣੇ ਇਤਿਹਾਸਕ ਕਰਤੱਵ ਦੀ ਪੰਜਾਲੀ ਜੁਪੋ। ਦੂਸਰੇ ਪਾਸੇ ਤੋਂ, ਇਮ ਪੈਂਤੜੇ ਦਾ ਇਤਿਹਾਸਕ ਮੁਦੱਈ ਆਪਣੀ ਇਤਿਹਾਸਕ ਜ਼ਿਮੇਂਵਾਰੀ ਤੋਂ ਨਾਬਰ ਹੋਇਆ ਖੜਾ ਹੈ। ਏਸ ਪੈਂਤੜੇ ਨੂੰ ਵਰਨ ਵਾਸਤੇ ਤਿਆਰ ਨਹੀਂ, ਸਗੋਂ ਏਸ ਵਲ ਪਿੱਛਾ ਦੇਈ ਖੜਾ ਹੈ।

ਸਨਅਤੀ ਤੌਰ 'ਤੇ ਉੱਸਰੇ ਸਰਮਾਇਦਾਰੀ ਮੁਲਕਾਂ ਦੀ ਪਰੋਲਤਾਰੀ ਜਮਾਤ ਸਰਮਾਏਦਾਰੀ ਦੇ ਵਿਰੁਧ ਆਪਣੇ ਇਤਿਹਾਸਕ ਰੋਲ ਵਲੋਂ ਪਾਜੀ ਕਿਉਂ ਹੋਈ ਖੜੀ ਹੈ? ਇਹ ਆਪਣੇ ਆਪ ਵਿਚ ਮਜ਼ਮੂਨ ਹੈ ਅਤੇ ਇਥੇ ਇਸ ਦੇ ਵਿਸਥਾਰ ਵਿਚ ਜਾਣਾ ਮੁਮਕਿਨ ਨਹੀਂ। ਪਰ ਪਰੋਲਤਾਰੀ ਜਮਾਤ ਦੀ ਇਸ ਦਸ਼ਾ ਦੇ ਕੁਝ ਕਾਰਨ ਤਾਂ ਸਪੱਸ਼ਟ ਹੀ ਹਨ। ਆਰਥਕ ਪੱਧਰ 'ਤੇ ਤਾਂ ਕਾਰਨ ਸਿੱਧਾ ਹੈ। ਇਹਨਾਂ ਮੁਲਕਾਂ ਦੀ ਸਰਮਾਏਦਾਰੀ ਆਪਣੇ ਮੁਲਕ ਦੇ ਸਨਅਤੀ ਮਜ਼ਦੂਰ ਦਾ ਲਹੂ ਪੀਣੋਂ ਹੱਟ ਨਹੀਂ ਗਈ। ਸਰਮਾਏਦਾਰੀ ਆਪਣੇ ਬੁਨਿਆਦੀ ਅਸਲੇ ਤੋਂ ਮਜਬੂਰ ਹੈ। ਉਹ ਵਰਕਰ ਕੋਲੋਂ 'ਵਾਧੂ ਕਦਰ' ਪੈਦਾ ਕਰਵਾਉਂਦੀ ਹੈ, ਉਸਨੂੰ ਉਸ ਕੋਲੋਂ ਖੋਹ ਕੇ ਆਪਣਾ ਮੁਨਾਫ਼ਾ ਬਣਾਉਂਦੀ ਹੈ। ਇਸ ਵਿਚ ਨਾ ਕੋਈ ਤਬਦੀਲੀ ਆਈ ਹੈ, ਨਾ ਆ ਹੀ ਸਕਦੀ ਹੈ। ਮਤਲਬ ਹੈ ਕਿ ਪੈਦਾਵਾਰ ਦੇ ਬੁਰਜਵਾ ਰੂਪ ਦੇ ਅੰਦਰੂਨੀ ਵਿਰੋਧ ਹਰੀ ਕਾਇਮ ਹਨ। ਇਹਨਾਂ ਮੁਲਕਾਂ ਵਿਚ ਬੇਰੋਜ਼ਗਾਰੀ ਦਾ ਮਸਲਾ ਵੀ ਹੱਲ ਨਹੀਂ ਹੋਇਆ। ਸੰਸਾਰ ਸਰਮਾਏਦਾਰੀ ਦੇ ਹੱਡਾਂ ਦਾ ਰੋਗ, ਆਰਥਕ ਸੰਕਟ, ਵੀ ਇਸ ਦਾ ਪਿੱਛਾ ਨਹੀਂ ਛਡ ਗਿਆ। ਦੂਸਰੇ ਪਾਸੇ ਇਹ ਵੀ ਸਹੀ ਹੈ ਕਿ ਪੈਦਾਵਾਰ ਦੇ ਬੁਰਜਵਾ ਰੂਪ ਦੇ ਅੰਦਰੂਨੀ ਬੁਨਿਆਦੀ ਵਿਰੋਧ ਇਹਨਾਂ ਮੁਲਕਾਂ ਵਿਚ ਸਿਆਸੀ ਰੂਪ ਅਖ਼ਤਿਆਰ ਨਹੀਂ ਕਰ ਰਹੇ। ਇਹਨਾਂ ਮੁਲਕਾਂ ਦਾ ਪਰੋਲਤਾਰੀ ਸਰਮਾਏਦਾਰੀ ਦੇ ਵਿਰੁਧ ਸਮਾਜਵਾਦੀ ਨੁਕਤੇ ਤੋਂ ਆਰਥਕ ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ 'ਤੇ ਸਿਰ-ਧੜ ਦੀ ਨਹੀਂ ਲਾ ਰਿਹਾ। ਇਹਨਾਂ ਮੁਲਕਾਂ ਦੀ ਸਰਮਾਏਦਾਰੀ ਨੇ ਆਪਣੇ ਘਰ ਦੇ ਵਰਕਰ ਨੂੰ ਆਪਣੇ ਵਿਚ ਸਮੋ ਲਿਆ ਹੈ। ਸਾਮਰਾਜ ਸਾਰੇ ਸੰਸਾਰ ਦੇ ਪਛੜੇ ਹੋਏ ਮੁਲਕਾਂ ਨੂੰ ਲੁਟਦਾ ਹੈ। ਉਹਨਾਂ ਦੀ ਆਰਥਕਤਾ ਨੂੰ ਆਪਣੀ ਆਰਥਕਤਾ ਦੀਆਂ ਤਣੀਆਂ ਨਾਲ ਬੰਨ੍ਹ ਕੇ, ਉਹਨਾਂ ਨੂੰ ਆਪਣੇ ਹਿੱਤ ਅਨੁਸਾਰ ਤੋਰਦਾ ਹੈ। ਖ਼ੂਬ ਮੋਟਾ ਮੁਨਾਫ਼ਾ ਕਮਾਉਂਦਾ ਹੈ। ਉਸ ਮੋਟੇ ਮੁਨਾਫ਼ੇ ਤੇ ਉਸ ਲੁਟ-ਖਸੁਟ ਵਿਚੋਂ ਇਨ੍ਹਾਂ ਮੁਲਕਾਂ ਦੀ ਬੁਰਜਵਾਜ਼ੀ ਆਪਣੇ ਪਰੋਲਤਾਰੀ ਨੂੰ ਬੁਰਕੀ ਪਾਉਂਦੀ ਹੈ। ਬੇਰੋਜ਼ਗਾਰਾਂ



ਨੂੰ ਵੀ ਬੇਰੋਜ਼ਗਾਰੀ ਆਦਿ ਦਾ ਭੱਤਾ ਦੇ ਕੇ ਉਹਨਾਂ ਦਾ ਗੁਜ਼ਰ ਕਰਾਉਂਦੀ ਹੈ। ਉਸ ਲੁਟ-ਖਸੁਟ ਵਿਚ ਭਿਆਲ ਬਣਾ ਕੇ ਆਪਣੀ ਪਰੋਲਤਾਰੀ ਨੂੰ ਕਾਣਿਆਂ ਕਰਦੀ ਹੈ। ਇਹ ਠੀਕ ਹੈ ਕਿ ਇਹ ਭਿਆਲੀ 'ਮੈਂ ਤੇ ਬੇਬੇ ਇੱਕੋ ਪਾਈ' ਵਾਲੀ ਹੈ। ਪਰ ਫੇਰ ਵੀ ਭਿਆਲੀ ਹੈ। ਇਹ ਠੀਕ ਹੈ ਕਿ ਪਛੜੇ ਹੋਏ ਮੁਲਕਾਂ ਦੀ ਲੁਟ ਹਮੇਸ਼ਾਂ ਨਹੀਂ ਰਹਿਣੀ। ਪਰ ਹਮੇਸ਼ਾਂ ਦੀ ਗੱਲ ਹਮੇਸ਼ਾਂ ਨਾਲ। ਹਾਲ ਦੀ ਘੜੀ ਚਲਦੀ ਹੈ। ਪੈਦਾਵਾਰ ਦੇ ਰੂਪ ਦੇ ਸਭ ਅੰਦਰੂਨੀ ਵਿਰੋਧਾਂ ਦੇ ਬਾਵਜੂਦ, ਤੇ ਸੰਕਟ ਜੋ ਕਿ ਇਸ ਦੀ ਆਰਥਕਤਾ ਦੇ ਹੱਡਾਂ ਦਾ ਰੋਗ ਹੈ, ਉਸ ਦੇ ਬਾਵਜੂਦ ਇਹਨਾਂ ਮੁਲਕਾਂ ਦੀ ਆਰਥਕਤਾ ਵਿਚ ਉਹ ਸੰਕਟ ਅਜੇ ਨਹੀਂ ਆਇਆ ਜੋ ਇਸ ਸਦੀ ਦੇ ਪਹਿਲਿਆਂ ਤੀਹਾਂ ਵਿਚ ਆਇਆ ਸੀ ਜਦੋਂ ਕਿ ਇਹਨਾਂ ਦੀ ਆਰਥਕਤਾ ਹੀ ਠੱਪ ਹੋਣ ਲੱਗੀ ਸੀ।

ਦੂਸਰੇ ਪਾਸੇ, ਪਹਿਲੇ ਸਮਾਜਵਾਦੀ ਇਨਕਲਾਬ ਅ ਏ ਨੂੰ ਸੱਠ ਸਾਲ ਹੋ ਗਏ ਹਨ ਤੇ ਉਥੋਂ ਦੇ ਲੋਕਾਂ ਦੀ ਰਹਿਣੀ ਸਹਿਣੀ ਦਾ ਮਿਆਰ, ਤੇ ਆਜ਼ਾਦੀ ਦੇ ਜਾਂ ਹੋਰ ਕਿਸੇ ਨੁਕਤੇ ਤੋਂ ਵੀ ਉਹਨਾਂ ਦੇ ਗੁਜ਼ਰ ਦੀ ਕਿਸਮ (quality of life) ਉਹ ਨਹੀਂ ਹੋ ਗਈ ਕਿ ਇਹਨਾਂ ਮੁਲਕਾਂ ਦੇ ਪਰੋਲਤਾਰੀ ਦੇ ਉਧਰ ਦੇਖ ਕੇ ਮੂੰਹ ਵਿਚ ਪਾਣੀ ਭਰ ਆਵੇ। ਏਸ ਤੋਂ ਉਪਰੰਤ, ਉਹ ਸਮਾਜਵਾਦੀ ਮੁਲਕ ਤੇ ਉਸ ਦੇ ਨਾਲ ਦੇ ਮੁਲਕ ਸਾਮਰਾਜੀ ਮੁਲਕਾਂ ਦੇ ਕਰਜ਼ਾਈ ਨੇ। ਕਰਜ਼ਾ ਘਟਣ ਦੀ ਥਾਂ ਵਧਦਾ ਜਾ ਰਿਹਾ ਹੈ ਤੇ ਉਤੋਂ ਉਹ ਸਾਮਰਾਜੀਆਂ ਦਾ ਸਰਮਾਇਆ ਵੀ ਆਪਣੇ ਘਰ ਲਵਾਉਂਦੇ ਫਿਰਦੇ ਨੇ ਤੇ ਉਹਨਾਂ ਦੀ ਟੈਕਨਾਲੋਜੀ ਲੈਣ ਦੇ ਵੀ ਚਾਹਵਾਨ ਨੇ।

ਸਾਮਰਾਜੀ ਮੁਲਕਾਂ ਦੀ ਬੁਰਜਵਾਜ਼ੀ ਨੇ ਆਪਣੀ ਪਰੋਲਤਾਰੀ ਨੂੰ ਟੁਕ ਸੁਟ ਕੇ ਹੀ ਕਾਣਿਆਂ ਨਹੀਂ ਕੀਤਾ ਹੋਇਆ ਬਲਕਿ ਆਪਣੀ ਕੰਮ ਦੀ ਵੰਡ ਤੇ ਕੰਮ ਦੇ ਵੇਗ ਵਿਚੋਂ ਵੀ ਉਸ ਦੇ ਪੱਲੇ ਕੁਛ ਨਹੀਂ ਪੈਣ ਦਿਤਾ ਹੋਇਆ। ਉਸ ਨੇ ਆਪਣੇ ਵਰਕਰ ਨੂੰ ਮਸ਼ੀਨ ਨਹੀਂ ਦਿੱਤੀ, ਵਰਕਰ ਮਸ਼ੀਨ ਦੇ ਹਵਾਲੇ ਕੀਤਾ ਹੋਇਆ ਹੈ। ਉਸ ਨੂੰ ਮਸ਼ੀਨ ਦੇ ਵਿਚ ਵਾੜਿਆ ਹੋਇਆ ਹੈ। ਉਸ ਨੂੰ ਆਪਣੀ ਮਸ਼ੀਨ ਦਾ ਪੁਰਜ਼ਾ ਬਣਾਇਆ ਹੋਇਆ ਹੈ। ਸਿਵਾਏ ਆਪਣੇ ਹੱਥ ਦੀ ਹਰਕਤ ਦੇ, ਕੰਮ ਦੇ ਵੇਗ ਵਿਚੋਂ ਵਰਕਰ ਦੇ ਹੱਥ ਪੱਲੇ ਕੁਛ ਪੈਣ ਹੀ ਨਹੀਂ ਦਿੱਤਾ ਜਾ ਰਿਹਾ। ਉਸ ਨੂੰ ਪੈਦਾਵਾਰ ਦੇ ਵੇਗ ਦੇ ਭੇਤ ਆਉਣ ਦਾ ਸਵਾਲ ਹੀ ਖ਼ਤਮ ਹੈ। ਇਸ ਕੰਮ ਦੇ ਵੇਗ ਵਿਚੋਂ ਸਰਮਾਏਦਾਰੀ ਦੇ ਵਿਰੋਧੀ-ਚੇਤਨਤਾ ਦੇ ਵਰਕਰ ਦੇ ਪੱਲੇ ਪੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪੈਦਾਵਾਰ ਦੇ ਬੁਰਜਵਾ ਰੂਪ ਦੇ ਕੰਮ ਦਾ ਵੇਗ ਵਰਕਰ ਨੂੰ ਚੇਤਨਤਾ ਦੇ ਨੁਕਤੇ ਤੋਂ ਕਿਵੇਂ ਹੱਥਲ ਰਖਦਾ ਏ— ਇਹ ਆਪਣੇ ਆਪ ਵਿਚ ਅਹਿਮ ਮਜ਼ਮੂਨ ਹੈ ਤੇ ਮੌਕਾ ਬਣੇ 'ਤੇ ਇਸ ਨੂੰ ਵੀ ਫੋਲਿਆ ਜਾਵੇਗਾ। ਵਰਕਰ ਸਰਮਾਏਦਾਰੀ ਦੇ ਕੰਮ ਤੋਂ ਅੱਕਦਾ ਥੱਕਦਾ ਤਾਂ ਬਹੁਤ ਹੈ, ਪਰ ਇਸ ਨਿਜ਼ਾਮ ਦੀ ਦਿੱਤੀ ਆਪਣੀ ਜ਼ਿੰਦਗੀ ਤੋਂ ਉਹ ਇਸ ਹੱਦ ਤਕ ਬੇਮੁਖ ਨਹੀਂ ਹੋ ਰਿਹਾ ਕਿ ਉਹ ਇਸ ਨੂੰ ਧੁਰੋਂ ਸਿਰੋਂ ਬਦਲਣ ਦੇ ਰਾਹੇ ਪੈ ਜਾਵੇ ਤੇ ਇਹ ਮਹਿਸੂਸ ਕਰੇ ਕਿ ਐਸੀ ਜੀਊਣੀ ਜੀਊਣ ਨ ਲੋਂ ਤਾਂ ਮਰਨਾ ਚੰਗਾ। ਕਿਉਂਕਿ ਉਸ ਦਾ ਗੁਜ਼ਰ ਹੋ ਰਿਹਾ ਏ ਉਸ ਨੂੰ ਇਹ ਗੱਲ ਕਾਟ ਨਹੀਂ ਕਰਦੀ ਕਿ ਬੁਰਜਵਾਜ਼ੀ ਤੈਨੂੰ ਲੁਟ ਰਹੀ ਏ। ਇਹਨਾਂ ਮੁਲਕਾਂ ਦੀ ਬੁਰਜਵਾਜ਼ੀ ਆਪਣੇ ਕੰਮ ਦੇ ਵੇਗ ਦੀ ਕੀਤੀ 'ਤੇ ਜਾਂ ਵਰਕਰ ਨੂੰ ਪਾਏ ਜਾ ਰਹੇ ਟੁਕ, ਤੇ ਹੀ ਨਹੀਂ ਬੈਠੀ ਹੋਈ। ਉਸ ਨੇ ਵਰਕਰ ਦੇ ਦਿਲ ਦਿਮਾਗ਼ ਨੂੰ ਆਪਣੀ ਖਾਈ-ਹੰਢਾਈ ਦੀ ਕਲਚਰ ਵਿਚ ਪੂਰੀ ਤਰ੍ਹਾਂ ਗੋਇਆ ਹੋਇਆ ਹੈ। ਇਸ ਕਲਚਰ ਨੇ ਉਸ ਨੂੰ ਐਸ ਤਰ੍ਹਾਂ ਟੂੰਗਿਆ ਹੋਇਆ ਏ ਕਿ ਉਹ ਸੋਚ ਹੀ ਨਹੀਂ ਸਕਦਾ ਕਿ ਖਾਈ-ਹੰਢਾਈ ਤੋਂ ਬਗ਼ੈਰ ਬੰਦੇ ਦੀ ਜ਼ਿੰਦਗੀ ਦਾ ਕੋਈ ਹੋਰ ਵੀ ਅਰਥ ਹੋ ਸਕਦਾ ਏ।

ਵਰਕਰ ਦੇ ਦਿਲ ਦਿਮਾਗ ਦੀ ਲੜਾਈ ਵਿਚ ਬੁਰਜਵਾਜ਼ੀ ਇਸ ਵਾਸਤੇ ਵੀ ਸਹਿਲੇ ਹੀ ਕਾਮਯਾਬ ਹੋ ਗਈ ਹੈ ਕਿ ਪਿਛਲੀ ਅੱਧੀ ਸਦੀ ਤੋਂ ਵੀ ਜ਼ਿਆਦਾ ਤੋਂ ਪੱਛਮੀ ਮਾਰਕਸਵਾਦ ਆਪ ਇਕਾਨੋਮਿਜ਼ਮ ਦਾ ਸ਼ਿਕਾਰ ਹੋਇਆ ਹੋਇਆ ਹੈ। ਜੇ ਮਾਰਕਸਵਾਦ ਵੀ ਬੰਦੇ ਦੀ ਜ਼ਿੰਦਗੀ ਦਾ ਅਰਥ ਪੈਸਾ ਤੇ ਪਦਾਰਥ ਹੀ ਦੱਸੇ, ਬੰਦੇ ਦੀ, ਸਰਬਤ ਦੀ ਆਜ਼ਾਦੀ ਦਾ ਭੋਗ ਤਕ ਵੀ ਨਾ ਪਾਵੇ, ਵੇਜ-ਲੇਬਰ ਨੂੰ ਸਲੇਵ ਲੇਬਰ ਕਰਾਰ ਨਾ ਦੇਵੇ, ਸਿਧਾਂਤਕ ਤੇ ਅਮਲੀ ਪੱਧਰ 'ਤੇ ਇਸ ਨੂੰ ਜੜ੍ਹੋਂ ਉਖੇੜਨ ਦੇ ਰਾਹੇ ਹੀ ਨਾ ਪਵੇ, ਤਾਂ ਬੁਰਜਵਾਜ਼ੀ ਦੀ ਰੱਖੀ ਉਲਟਣੀ ਕਿਸ ਨੇ ਹੋਈ? ਜੇ ਮਾਰਕਸਵਾਦ ਹੀ ਆਪਣੇ ਅਸਲਿਉਂ ਏਸ ਹੱਦ ਤਕ ਘੁਸ ਜਾਵੇ, ਆਪਣਾ ਮੂਲ ਗੁਆ ਕੇ ਬੁਰਜਵਾ ਵਿਚਾਰਧਾਰਾ, ਕਲਚਰ ਦੇ ਅਸਲੇ ਨੂੰ ਆਪਣਾ ਮੂਲ ਬਣਾ ਤੁਰੇ ਤਾਂ ਲੇਬਰ ਲਹਿਰ ਦਾ ਟਰੇਡ ਯੂਨੀਅਨੀ ਜਦੋ-ਜਹਿਦ ਤਕ ਮਹਿਦੂਦ ਹੋ ਜਾਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ। ਪਛੜੇ ਹੋਏ ਮੁਲਕਾਂ ਵਿਚ ਸਨਅਤੀ ਮਜ਼ਦੂਰ ਜਮਾਤ ਤਾਂ ਗਿਣਤੀਉਂ ਹੀ ਥੋੜ੍ਹੀ ਏ। ਬਹੁਤੀ ਵਸੋਂ ਕਿਸਾਨੀ ਏ। ਤੇ ਸਾਰੇ ਇਤਿਹਾਸ ਵਿਚ ਕਿਸਾਨ ਨੇ ਆਪਣੇ ਆਪ ਬਗ਼ਾਵਤ ਕਰਕੇ ਨਾ ਕਾਬਜ਼ ਨਿਜ਼ਾਮ ਨੂੰ ਕਦੇ ਢਾਹਿਆ ਏ ਤੇ ਨਾ ਨਵੇਂ ਨੂੰ ਕਦੇ ਉਸਾਰਿਆ ਏ। ਏਸ ਦਾ ਇਹ ਮਤਲਬ ਨਹੀਂ ਕਿ ਫ਼ੀਊਡਲ ਦੇ ਵਿਰੁਧ ਕਿਸਾਨੀ ਬਗ਼ਾਵਤਾਂ ਨੇ ਸਰਮਾਏਦਾਰੀ ਵਾਸਤੇ ਰਾਹ ਸਾਫ਼ ਨਹੀਂ ਕੀਤਾ, ਜਾਂ ਫ਼ੀਊਡਲ ਦੇ ਵਿਰੁਧ ਇਸ ਦੀ ਸਥਾਪਤੀ ਵਿਚ ਹਿੱਸਾ ਨਹੀਂ ਪਾਇਆ। ਪਰ ਇਸ ਦਾ ਇਹ ਜ਼ਰੂਰ ਮਤਲਬ ਹੈ ਕਿ ਇਸ ਨੇ ਆਪਣੀ ਅਗਵਾਈ ਆਪ ਕਰਕੇ, ਆਪਮੁਹਾਰੀ ਬਗ਼ਾਵਤ ਕਰਕੇ ਕਦੀ ਪੂਰੀ ਨਹੀਂ ਪਾਈ। (ਚਲਦਾ)

———


## ਸੇਧ ਪ੍ਰਕਾਸ਼ਨ ਦੀਆਂ ਪੁਸਤਕਾਂ

### ਸਾਹਿਤ ਦੀ ਸਮਝ

ਪ੍ਰੋ: ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ — ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ। ਇਹ ਪੁਸਤਕ ਸਾਹਿਤ ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ। ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ, ਮੁਲ: ਪੰਦਰਾਂ ਰੁਪੈ।

### ਗੁਰਬਾਣੀ ਦਾ ਸੱਚ

ਪ੍ਰੋ: ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ, ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿਖ, ਲਾਇਬਰੇਰੀ ਐਡੀਸ਼ਨ, ਪੱਕੀ ਜਿਲਦ — ਮੁਲ: ਪੰਦਰਾਂ ਰੁਪੈ, ਪੇਪਰ ਬੈਕ — ਮੁਲ: ਦਸ ਰੁਪੈ।

(10 ਰੁਪੈ ਜਾਂ 1 ਪੌਂਡ ਜਾਂ 1.50 ਡਾਲਰ; 15 ਰੁਪੈ ਜਾਂ 1.50 ਪੌਂਡ ਜਾਂ 2 ਡਾਲਰ)




ਜਗਜੀਤ ਸਿੰਘ

# ਜਾਤ-ਪਾਤੀ ਇੰਦਰ-ਜਾਲ (੨)

ਇਸ ਲੇਖ ਦੇ ਪਿਛਲੇ ਹਿੱਸੇ ਵਿਚ (ਜੁਲਾਈ ਅੰਕ) ਜ਼ਿਕਰ ਕੀਤਾ ਗਿਆ ਸੀ ਕਿ ਬੁੱਧ-ਮੱਤ ਨੇ ਧਾਰਮਕ ਵਿਹੜੇ ਵਿਚ ਜਨਤਾ ਦੇ ਦਾਖ਼ਲ ਹੋਣ ਲਈ ਦਰਵਾਜ਼ੇ ਖੋਲ੍ਹ ਦਿਤੇ ਅਤੇ ਬੁੱਧ-ਮੱਤ ਤੋਂ ਵਖਰੇ ਕਈ ਗ਼ੈਰ-ਪੁਰਾਤਨੀਏ (unorthodox) ਧਾਰਮਕ ਫ਼ਿਰਕੇ ਲੋਕਾਂ ਵਿਚ ਪ੍ਰਚੱਲਤ ਹੋ ਗਏ। ਇਸ ਨਵੀਂ ਪੈਦਾ ਹੋਈ ਹਾਲਤ ਦਾ ਮੁਕਾਬਲਾ ਕਰਨ ਲਈ ਬ੍ਰਾਹਮਣ-ਮੱਤ ਨੇ ਆਪਣਾ ਪੁਰਾਣਾ ਪੈਂਤੜਾ ਬਦਲਕੇ ਦੋਧਾਰਾ ਖੰਡਾ ਵਰਤਿਆ। ਇਕ ਬੰਨੇ ਇਨ੍ਹਾਂ ਫ਼ਿਰਕਿਆਂ ਨਾਲ ਨੇੜ ਕਰਕੇ ਇਨ੍ਹਾਂ ਨੂੰ ਬੋਧੀਆਂ ਦੇ ਢਾਹੁਣ ਲਈ ਵਰਤਿਆ, ਦੂਸਰੇ ਬੰਨੇ ਇਹਨਾਂ ਦੀ ਵਿਚਾਰਧਾਰਾ ਨੂੰ ਐਸਾ ਤੋੜਿਆ ਮਰੋੜਿਆ (ਜਿਵੇਂ ਉਪਨਿਸ਼ਦ ਵਿਚਾਰਧਾਰਾ ਨਾਲ ਕੀਤਾ ਸੀ) ਕਿ ਇਹ ਗ਼ੈਰ-ਪੁਰਾਤਨੀਏ ਫ਼ਿਰਕੇ ਅਖ਼ੀਰ ਵਿਚ ਪੁਰਾਤਨਤਾ ਲਈ ਖ਼ਤਰਾ ਨਾ ਰਹੇ। ਗ਼ੈਰ-ਬੋਧੀ ਤੇ ਗ਼ੈਰ-ਪੁਰਾਤਨੀਏ ਇਸ ਧਾਰਮਕ ਮੁਖ ਜਨਤਕ ਉਭਾਰ ਦਾ ਨਾਮ ਭਗਵਤ-ਮੱਤ ਹੈ ਜਿਸ ਵਿਚ ਸ਼ਿਵ-ਮੱਤ ਤੇ ਵੈਸ਼ਨੋ-ਮੱਤ ਦੋਵੇਂ ਸ਼ਾਮਲ ਹਨ।

**ਭਗਵਤ-ਮੱਤ ਦੀ ਗ਼ੈਰ-ਪੁਰਾਤਨਤਾ (unorthodoxy):** ਭਗਵਤ-ਮੱਤ ਕਿਵੇਂ ਪੈਦਾ ਹੋਇਆ, ਇਸ ਬਾਰੇ ਪੂਰੇ ਯਕੀਨ ਨਾਲ ਕੁਝ ਨਹੀਂ ਕਿਹਾ ਜਾ ਸਕਦਾ[1] ਪਰ ਬਹੁਤੇ ਮਾਹਰ ਇਸ ਬਾਰੇ ਸਹਿਮਤ ਹਨ ਕਿ ਭਗਵਤ-ਮੱਤ ਪੁਰਾਣੇ ਬ੍ਰਾਹਮਤ-ਮੱਤ ਦੀ ਕੁੱਖ ਵਿਚੋਂ ਨਹੀਂ ਪੈਦਾ ਹੋਇਆ[2]। ਬਾਰਥ (Barth) ਤਾਂ ਏਸ ਹੱਦ ਤਕ ਜਾਂਦਾ ਹੈ ਕਿ ਵੈਸ਼ਨਵ-ਮੱਤ ਅਤੇ ਸ਼ਿਵਾ-ਮੱਤ ਦੀ ਰਬੀ-ਏਕਾ-ਸ਼ਕਤੀ (monotheism) ਜਿਸ ਦੀ ਪ੍ਰਸ਼ੰਸਤ ਦਾ ਧੁਰਾ ਉਹ ਦੇਵਤੇ ਹਨ ਜਿਨ੍ਹਾਂ ਦਾ ਰੂਪ ਬੱਝਵਾਂ (concrete) ਅਤੇ ਜਜ਼ਬਾਤੀ ਤੌਰ ਉਤੇ ਸ਼ਖ਼ਸੀ (intensely personal) ਹੈ ਅਤੇ ਪੁਰਾਣੇ ਬ੍ਰਾਹਮਣ-ਮੱਤ ਦੀ ਖ਼ਿਆਲੀ (abstract) ਸਰਬ-ਵਿਆਪੀ-ਏਕਾ-ਸ਼ਕਤੀ (pantheism) ਵਿਚ ਪ੍ਰਕਾਰਕ ਫ਼ਰਕ ਹੈ[3]। ਕ੍ਰਿਸ਼ਨ ਅਵਤਾਰ, ਜਿਨ੍ਹਾਂ ਨੂੰ ਵੇਦਕ ਪਰੰਪਰਾ ਤੋਂ ਅਲੇਹਦਾ ਆਜ਼ਾਦ ਧਰਮ (ਅਰਥਾਤ ਭਗਵਤ-ਮੱਤ) ਦਾ ਬਾਨੀ[4] ਅਤੇ ਗੀਤਾ ਦਾ ਕਰਤਾ ਸਮਝਿਆ ਜਾਂਦਾ ਹੈ, ਯਾਦਵਾਂ ਦੀ ਨਸਲ ਵਿਚ ਪੈਦਾ ਹੋਏ, ਅਤੇ ਯਾਦਵਾਂ ਦਾ ਪਿਛੋਂ ਆਕੇ ਰਾਜਪੂਤਾਂ ਦੇ ਇਕ ਕੁਨਬੇ (tribe) ਨਾਲ ਸੰਬੰਧ ਜੋੜਿਆ ਜਾਂਦਾ ਹੈ। 'ਫ਼ਿਰਕੂਆਂ (ਅਰਥਾਤ ਭਗਤ-ਮੱਤ) ਦਾ ਸਭ ਤੋਂ ਪੁਰਾਣਾ ਸਾਹਿਤ (ਜਿਸ ਦੀ ਹੁਣ ਵਾਲੀ ਸ਼ਕਲ ਨਿਸਚੇ ਤੌਰ ਉਤੇ ਬ੍ਰਾਹਮਣਾਂ ਦੀ ਘਾੜਤ ਹੈ) ਬ੍ਰਾਹਮਣਾਂ ਦੀ ਕਿਰਤ ਨਹੀਂ ਸੀ। ਮਹਾਂ ਭਾਰਤ ਤੇ ਪੁਰਾਨ ਅਪਵਿਤ੍ਰ ਢਾਡੀਆਂ (profane bards) ਦੇ ਮੂੰਹ-ਚੜ੍ਹੇ ਸਨ, ਅਤੇ ਭਾਵੇਂ ਇਨ੍ਹਾਂ ਨੂੰ ਪੰਜਵਾਂ ਵੇਦ ਕਿਹਾ ਜਾਂਦਾ ਹੈ, ਪਰ ਇਨ੍ਹਾਂ ਦੇ ਆਮ ਜ਼ਬਾਨਾਂ ਵਿਚ ਤਰਜਮਾ ਕੀਤੇ ਜਾਣ ਨੂੰ ਕਦੇ ਬੁਰਾ ਨਹੀਂ ਮਨਾਇਆ ਗਿਆ। ਜੇ ਅਸੀਂ ਮੰਤਰਾਂ (ਜਿਨ੍ਹਾਂ ਵਿਚ ਲਫ਼ਜ਼-ਬਲਫ਼ਜ਼ੀ ਕਾਇਮ

ਰਖਣੀ ਲਾਜ਼ਮੀ ਹੁੰਦੀ ਹੈ) ਨੂੰ ਛੱਡ ਦੇਈਏ ਤਾਂ ਇਨ੍ਹਾਂ ਫਿਰਕਿਆਂ (ਭਗਵਤ-ਮੱਤ ਦੇ) ਦੀ ਕੋਈ ਪਵਿਤ੍ਰ ਜ਼ਬਾਨ ਨਹੀਂ। ਬਲਕਿ ਲੋਕ ਪ੍ਰਚੱਲਤ ਗੀਤ, ਜੋ ਹਿੰਦ ਦੀ ਹਰ ਜ਼ਬਾਨ ਵਿਚ ਗਾਏ ਜਾਂਦੇ ਸਨ, ਇਨ੍ਹਾਂ ਦੇ ਮੱਤਾਂ (ਭਗਵਤ-ਮੱਤ ਦੇ ਫਿਰਕਿਆਂ) ਦੇ ਪ੍ਰਚਾਰ ਦਾ ਮੁਖ ਵਸੀਲਾ ਸਨ। ਇਨ੍ਹਾਂ ਗੀਤਾਂ ਦੇ ਕਰਤਿਆਂ, ਜਿਨ੍ਹਾਂ ਨੂੰ 'ਦਾਸ' (ਅਰਥਾਤ ਪੂਜੇ ਜਾਣ ਵਾਲੇ ਦੇਵਤੇ ਦੇ ਗੁਲਾਮ) ਕਰਕੇ ਪੁਕਾਰਿਆ ਜਾਂਦਾ ਸੀ, ਵਿਚ ਛੋਟੀਆਂ ਜਾਤੀਆਂ ਦੇ ਵੀ ਸਨ ਤੇ ਹਨ। ਤਾਮਲ ਜ਼ਬਾਨ ਵਿਚ ਤਿਰੂਵਲੂਵਾਰ ਦੇ ਕੁਰਾਲ (Kurals of Tiruvalluvar), ਜੋ ਉਚੇ ਤੇ ਸੁੱਚੇ ਮਜ਼੍ਹਬੀ ਜਜ਼ਬਾਤ ਨਾਲ ਭਰਪੂਰ ਹਨ ਅਤੇ ਜਿਨ੍ਹਾਂ ਨੂੰ ਬ੍ਰਾਹਮਣ ਬਿਨਾਂ ਝਿੱਜਕ ਮੰਨਦੇ ਹਨ, ਇਕ ਪਾਰੀਆ (ਅਛੂਤ ਜਾਤੀ ਦੇ ਆਦਮੀ) ਦੀ ਰਚਨਾ ਹਨ। ਰਿਵਾਇਤ ਰਾਮਾਇਨ ਦੇ ਕਰਤਾ ਵਾਲਮੀਕ ਨੂੰ ਕੋਲੀ ਜਾਤੀ ਦਾ ਦਸਦੀ ਹੈ ਜੋ ਬੰਬਈ ਦੇ ਸਮੁੰਦਰੀ ਕੰਢੇ ਦੀਆਂ ਸਭ ਤੋਂ ਘਿਣਾਈਆਂ ਜਾਂਦੀਆਂ ਸ਼ਰੇਣੀਆਂ ਵਿਚੋਂ ਇਕ ਹੈ। ਮਹਾਂਭਾਰਤ ਤੇ ਪੁਰਾਣਾਂ ਦਾ ਅਖੌਤੀ ਕਰਤਾ ਵਿਆਸ ਜੇ ਬ੍ਰਾਹਮਣ ਸੀ ਤਾਂ ਬਹੁਤ ਸ਼ੱਕੀ ਲਹੂ ਦਾ, ਅਤੇ ਏਸੇ ਤਰ੍ਹਾਂ ਦੀਆਂ ਰਿਵਾਇਤਾਂ ਮਸ਼ਹੂਰ ਸ਼ੰਕਰਾ ਬਾਰੇ ਰਾਇਜ ਹਨ। ਭਾਵੇਂ ਅਸੀਂ ਇਨ੍ਹਾਂ ਰਿਵਾਇਤਾਂ ਨੂੰ ਬਹੁਤਾ ਵਜ਼ਨ ਨਹੀਂ ਦੇਂਦੇ, ਪਰ ਅਸੀਂ ਇਸ ਬੰਨੇ ਧਿਆਨ ਜ਼ਰੂਰ ਦਿਵਾਉਣਾ ਚਾਹੁੰਦੇ ਹਾਂ ਕਿ ਇਹ ਦੇਰ ਤੋਂ ਇਨ ਬਿਨ ਰਾਇਜ ਹਨ। ਜੇ ਅਸੀਂ ਇਨ੍ਹਾਂ ਦੇ ਸਿਧਾਂਤਾਂ ਦਾ ਉਨ੍ਹਾਂ ਨਾਲ ਮੁਕਾਬਲਾ ਕਰੀਏ ਜੋ ਇਨ੍ਹਾਂ ਧਰਮਾਂ ਦੇ ਵਡੇ ਦਾਇਰੇ ਦੀ ਬਹੁਗਿਣਤੀ ਮੰਨਦੀ ਹੈ, ਜੇ ਇਹ ਵੀ ਵੇਖੀਏ ਕਿ ਨਾ ਸਿਮਰਤੀਆਂ ਦੇ ਜ਼ਮਾਨੇ ਵਿਚ ਤੇ ਨਾ ਹੁਣ ਇਹ ਸਭਯਤਾਵਾਂ ਕਦੇ ਬ੍ਰਾਹਮਣਾਂ ਦੇ ਹੱਥ ਆਈਆਂ, ਅਤੇ ਪੂਜਾ ਦੇ ਕਈ ਕਰਤੱਬਾਂ ਨੂੰ ਜਨਤਕ ਪੱਧਰ ਦੇ ਆਦਮੀਆਂ ਨੂੰ ਸੌਂਪੇ ਜਾਣ ਨੂੰ ਤਰਜੀਹ ਦਿਤੀ ਜਾਂਦੀ ਹੈ, ਖ਼ਾਸ ਕਰ ਦਖਣੀ ਹਿੰਦ ਵਿਚ, ਜੇ ਇਹ ਵੇਖੀਏ ਕਿ ਗੁਰੂ (ਧਾਰਮਕ ਆਗੂ) ਕਿਸੇ ਵੀ ਜਾਤੀ ਦੇ ਹੋ ਸਕਦੇ ਹਨ (ਪਿਛੇ ਜਿਹੇ ਔਰਤਾਂ ਵੀ ਗੁਰੂ ਬਣੀਆਂ ਹਨ), ਤਾਂ ਅਸੀਂ ਝੱਟ ਇਸ ਨਤੀਜੇ ਉਤੇ ਅਪੜਾਂਗੇ ਕਿ ਅਸੀਂ ਪੁਰਾਣੇ ਬ੍ਰਾਹਮਣ-ਮੱਤ ਤੋਂ ਵਖਰੀ ਭੂਮੀਂ ਉਤੇ ਹਾਂ ਅਤੇ ਜਨਤਕ ਸ਼ਮੂਲੀਅਤ ਇਨ੍ਹਾਂ ਧਰਮਾਂ (ਫਿਰਕਿਆਂ) ਦਾ ਖ਼ਾਸ ਅੰਗ ਹੈ। ਜੇ ਅਸੀਂ ਇਨ੍ਹਾਂ ਦੇ ਧਾਰਮਕ ਸਿਧਾਂਤਾਂ (Theology) ਦੀ ਪੜਤਾਲ ਕਰੀਏ ਤਾਂ ਅਸੀਂ ਏਸੇ ਨਤੀਜੇ ਉਤੇ ਪੁਜਾਂਗੇ[5]।

ਕਈ ਥਾਈਂ ਇਹ ਫਿਰਕੇ ਜਾਂ ਮੱਤ ਵੇਦਕ ਪਰੰਪਰਾ ਨਾਲੋਂ ਉਚਾ ਹੋਣ ਦਾ ਦਾਹਵਾ ਵੀ ਕਰਦੇ ਹਨ। ਮਹਾਂਭਾਰਤ ਵਿਚ ਲਿਖਿਆ ਹੈ (i, 269) ਕਿ ਜਦ ਦੇਵਤਿਆਂ ਨੇ ਤਕੜੀ ਦੇ ਇਕ ਛਾਬੇ ਵਿਚ ਚਾਰੇ ਵੇਦ ਪਾਏ ਅਤੇ ਦੂਸਰੇ ਵਿਚ ਇਕੱਲਾ ਮਹਾਂਭਾਰਤ, ਤਾਂ ਮਹਾਂਭਾਰਤ ਵਾਲਾ ਛਾਬਾ ਭਾਰੀ ਹੋ ਗਿਆ। ਅਗਨੀ-ਪੁਰਾਨ (i, 8-11) ਐਲਾਨ ਕਰਦਾ ਹੈ ਕਿ ਇਹ (ਅਗਨੀ ਪੁਰਾਨ) ਸ਼ਰੋਮਣੀ ਬਰੈਹਮਾਂ ਵਲੋਂ ਕੀਤੀ ਅਕਾਸ਼-ਬਾਣੀ ਰਚਨਾ ਹੈ (revealation) ਜਿਸ ਦਾ ਵੇਦ ਕੇਵਲ ਘਟੀਆ ਇਜ਼ਹਾਰ ਹਨ। ਭਗਵਤ ਗੀਤਾ (ii, 42-45; ix, 21) ਵੀ ਇਹੋ ਜਿਹੀ ਬੋਲੀ ਬੋਲਦੀ ਹੈ। ਇਹ ਗੱਲ ਅਨਹੋਣੀ ਨਹੀਂ ਕਿ ਸ਼ਿਵ-ਮੱਤ ਵੇਦਾਂ ਦੇ ਜ਼ਮਾਨੇ ਤੋਂ ਪਹਿਲੋਂ ਗੈਰ-ਆਰੀਯਾ ਲੋਕਾਂ ਵਿਚ ਪ੍ਰਚੱਲਤ ਸੀ[6]। ਘਟੋ ਘਟ ਸ਼ਿਵ-ਮੱਤ ਦੀਆਂ ਰਸਮਾਂ ਬ੍ਰਾਹਮਣਾ ਤੋਂ ਬਿਨਾਂ ਹੋਣ ਲਗੀਆਂ ਅਤੇ ਸ਼ਿਵ ਦੀ ਨਿਖੇਧੀ ਕਰਨ ਵਾਲੇ ਉਹਨਾਂ ਨੂੰ ਸ਼ੂਦਰਾਂ ਤੇ ਘਟੀਆ ਲੋਕਾਂ ਦਾ ਦੇਵਤਾ ਕਰਾਰ ਦੇਂਦੇ ਹਨ[7]। ਸ਼ਿਵ-ਮੱਤ ਦੀ ਪਿਛੋਂ ਆ ਕੇ ਇਕ ਸ਼ਾਖ ਲਿੰਗਯਾਤਾਂ (lingayats) ਬ੍ਰਾਹਮਣ ਮੱਤ ਦੇ ਇਤਨੀ ਉਲਟ ਹੋ ਗਈ ਕਿ ਇਸ ਦੀ ਹਿੰਦੂਆਂ ਨਾਲੋਂ ਤਕਰੀਬਨ ਦੋ-ਟੁਕ ਹੋ ਗਈ। ਲਿੰਗਯਾਤ ਦੇ ਧਾਰਮਕ ਵਿਹਾਰ ਵਿਚ ਨਾ ਬਲੀਦਾਨ ਹੈ, ਨਾ ਵਰਤ, ਅਤੇ ਨਾ ਤੀਰਥ-ਯਾਤਰਾ।



ਉਹ ਜਾਤ-ਪਾਤ ਨੂੰ ਵੀ ਨਹੀਂ ਮੰਨਦੇ, ਨਾ ਹੀ ਪਿਤਰ-ਤਾਇਾਂ ਜਾ ਲਿਗ ਉਤੇ ਆਧਾਰਤ ਵਖੇਵਿਆਂ ਨੂੰ। ਬਾਲ-ਵਿਆਹ ਨੂੰ ਬੁਰਾ ਸਮਝਿਆ ਜਾਂਦਾ ਹੈ ਅਤੇ ਵਿਧਵਾ-ਵਿਵਾਹ ਤੇ ਤਲਾਕ ਦੀ ਖੁਲ੍ਹ ਹੈ। ਮੁਰਦੇ ਸਾੜੇ ਨਹੀਂ ਜਾਂਦੇ, ਦਬਾਏ ਜਾਂਦੇ ਹਨ। ਇਥੋਂ ਤਕ ਕਿ ਉਹ ਹਿੰਦੂਆਂ ਦੇ ਆਮ ਪ੍ਰਚੱਲਤ ਆਵਾਗਵਨ ਦੇ ਮਸਲੇ ਨੂੰ ਵੀ ਨਹੀਂ ਮੰਨਦੇ। ਬਾਸਵਾ ਦਾ ਜਾਰੀ ਕੀਤਾ ਲਿੰਗਯਾਤ-ਮੱਤ, ਹਿੰਦੂ-ਮੱਤ ਦੇ ਸਿਧਾਂਤਾਂ, ਗੀਤਾਂ ਅਤੇ ਰਸਮਾਂ ਨਾਲੋਂ ਨਿਖੜਵੇਂ ਤੌਰ ਉਤੇ ਇਤਨਾ ਇਨਕਲਾਬੀ ਸੀ ਕਿ ਪਿਛੋਂ ਆਕੇ ਲਿੰਗਯਾਤ ਵਲੋਂ ਇਸ ਨੂੰ ਢਿਲਿਆਂ ਕਰਨ ਦੇ ਯਤਨਾਂ ਦੇ ਬਾਵਜੂਦ ਇਹ ਪੁਰਾਤਨ ਹਿੰਦੂ-ਮਤ ਵਿਚ ਪੂਰੀ ਤਰ੍ਹਾਂ ਸਮੋਇਆ ਨਹੀਂ ਜਾ ਸਕਿਆ[8]। ਉਪਰੋਕਤ ਹਵਾਲਿਆਂ ਤੋਂ ਇਲਾਵਾ ਸਭ ਤੋਂ ਵਡੀ ਗਵਾਹੀ ਸ਼ੰਕਰਾਚਾਰਯ ਦੀ ਹੈ ਕਿ ਭਗਵਤ-ਮੱਤ ਵੇਦਕ ਨਹੀਂ[9]।

**ਭਗਵਤ-ਮਤ ਦੀ ਬੁਧ-ਮੱਤ ਵਿਰੁਧ ਵਰਤੋਂ** : ਅਸਾਂ ਉਪਰ ਜ਼ਿਕਰ ਕੀਤਾ ਹੈ ਕਿ ਬ੍ਰਾਹਮਣ-ਮੱਤ ਨੇ ਧਾਰਮਕ ਦਾਇਰੇ ਵਿਚ ਉਪਜੇ ਜਨਤਕ ਉਭਾਰ ਨਾਲ ਨਜਿੱਠਣ ਲਈ ਦੋਧਾਰਾ ਖੰਡਾ ਵਰਤਿਆ। ਇਸ ਖੰਡੇ ਦੀ ਇਕ ਧਾਰ ਭਗਵਤ-ਮੱਤ ਦੀ ਬੁਧ-ਮੱਤ ਨੂੰ ਢਾਹੁਣ ਲਈ ਵਰਤੋਂ ਸੀ। ਭਾਈਚਾਰਕ ਲਿਹਾਜ਼ ਨਾਲ ਭਗਵਤ-ਮੱਤ, ਬ੍ਰਾਹਮਣ-ਮੱਤ ਨਾਲੋਂ, ਬੁਧ-ਮੱਤ ਦੇ ਵਧੇਰੇ ਨੇੜੇ ਹੋਣਾ ਚਾਹੀਦਾ ਸੀ, ਪਰ ਪੁਰਾਣੇ ਬ੍ਰਾਹਮਣ-ਮੱਤ ਦੀ ਸੂਝ-ਬੂਝ ਦੀ ਇਹ ਇਕ ਨਿਸ਼ਾਨੀ ਹੈ ਕਿ ਇਸ ਨੇ ਭਗਵਤ-ਮੱਤ ਨੂੰ ਬੁਧ-ਮੱਤ ਢਾਹੁਣ ਲਈ ਵਰਤ ਲਿਆ[10]। ਬਲਕਿ ਸ਼ਿਵ-ਮੱਤੀਏ ਬੋਧੀਆਂ ਵਿਰੁਧ ਜਹਾਦ ਦੀ ਅਗਲੀ ਕਤਾਰ ਵਿਚ ਸਨ ਅਤੇ ਕਿਧਰੇ ਕਿਧਰੇ ਉਨ੍ਹਾਂ ਤਸ਼ੱਦਦ ਵੀ ਵਰਤਿਆ[11]। ਭਗਵਤ-ਮੱਤੀਆਂ ਨੇ ਬ੍ਰਾਹਮਣ-ਮੱਤੀਆਂ ਨਾਲ ਕਿਉਂ ਮੇਲ ਕੀਤਾ ਅਤੇ ਬੋਧੀਆਂ ਦਾ ਵਿਰੋਧ ਕਿਉਂ ਕੀਤਾ—ਇਹ ਸਵਾਲ ਇਕ ਦਿਲਚਸਪ ਖੋਜ ਦਾ ਮੁਥਾਜ ਹੈ, ਪਰ ਸਾਡਾ ਇਸ ਨਾਲ ਸਿੱਧਾ ਵਾਸਤਾ ਨਹੀਂ। ਬੋਧੀਆਂ ਨੂੰ ਢਾਹੁਣ ਲਈ ਉਨ੍ਹਾਂ ਵਿਰੁਧ ਨਾਸਤਕਤਾ ਦਾ ਨਾਹਰਾ ਲਾਇਆ ਗਿਆ। ਪਰ ਜਾਪਦਾ ਹੈ ਕਿ ਇਹ ਕੇਵਲ ਨਾਹਰਾਬਾਜ਼ੀ ਸੀ। ਕਿਉਂਕਿ ਜੇ ਨਾਸਤਕ ਤੋਂ ਭਾਵ ਰੱਬ ਦੀ ਹੋਂਦ ਤੋਂ ਮੁਨਕਰ ਹੋਣਾ ਹੈ ਤਾਂ ਸੰਖ-ਮੱਤ ਵਾਲੇ ਵੀ ਰੱਬ ਨੂੰ ਨਹੀਂ ਮੰਨਦੇ, ਅਤੇ ਸੰਖ-ਮੱਤ ਬੁਧ-ਮੱਤ ਨਾਲੋਂ ਪੁਰਾਣਾ ਹੈ ਅਤੇ ਬ੍ਰਾਹਮਣ-ਮੱਤ ਨੇ ਇਸ ਦਾ ਉਜਾਗਰ ਤੌਰ ਉਤੇ ਕਦੀ ਵਿਰੋਧ ਨਹੀਂ ਕੀਤਾ। ਜੈਨ-ਮੱਤ ਵੀ ਰੱਬ ਦੀ ਹੋਂਦ ਵਿਚ ਯਕੀਨ ਨਹੀਂ ਰਖਦਾ ਅਤੇ ਬ੍ਰਾਹਮਣ-ਮੱਤ ਨੇ ਬੁਧ-ਮੱਤ ਜਿਤਨਾ ਇਸ ਦੇ ਵਿਰੁਧ ਤੂਫ਼ਾਨ ਖੜਾ ਨਹੀਂ ਕੀਤਾ। ਜੇ ਨਾਸਤਕਤਾ ਤੋਂ ਮੁਰਾਦ ਵੇਦ-ਮੱਤ ਤੇ ਵੇਦ-ਰੀਤੀ ਤੋਂ ਲਾਂਭੇ ਜਾਣਾ ਸੀ, ਤਾਂ ਭਗਵਤ-ਮੱਤ ਤੇ ਪਿਛੋਂ ਪੈਦਾ ਹੋਇਆ ਨਵੀਨ ਹਿੰਦੂ-ਮੱਤ (Neu-Hinduism) ਖੁਦ ਆਪ ਵੇਦ-ਮੱਤ ਨਾਲੋਂ ਪੈਦਾ ਹੋਏ ਉਨ੍ਹਾਂ ਵਖੇਵਿਆਂ ਦੀ ਆਪ-ਧਾਪੀ ਦਾ ਨਤੀਜਾ ਸੀ ਜੋ ਵੇਦਕ ਪਰੰਪਰਾ ਦੇ ਟੁਟਣ ਤੋਂ ਉਪਜੀ। 'ਹਿੰਦੂ-ਮੱਤ ਦੇ ਜੋ ਬੁਨਿਆਦੀ ਰੂਹਾਨੀ ਜਾਂ ਦੁਨਿਆਵੀ ਅਸੂਲ ਹਨ, ਵੇਦਾਂ ਵਿਚ ਉਹ ਨਹੀਂ ਮਿਲਦੇ। ਬਲਕਿ ਵੇਦ ਹਿੰਦੂ-ਧਰਮਾ ਦੇ ਉਲਟ ਜਾਂਦੇ ਹਨ'[12]। ਅਸਲੀਅਤ ਇਹ ਹੈ ਕਿ ਹਿੰਦੂ-ਧਰਮ ਧਾਰਮਕ ਸਿਧਾਂਤਾਂ, ਵਿਚਾਰਾਂ, ਯਕੀਨਾਂ ਅਤੇ ਵਰਤੋਂ ਦਾ ਅਜਿਹਾ ਮਿਲ-ਗੋਭਾ ਹੈ ਕਿ 'ਹਿੰਦੂ-ਮੱਤ ਦੀ ਤਸ਼ਰੀਹ ਕਰਨੀ ਨਾ-ਮੁਮਕਨ ਹੈ। ਇਹ ਕਿਥੋਂ ਸ਼ੁਰੂ ਹੁੰਦਾ ਹੈ ਅਤੇ ਕਿਥੇ ਮੁਕਦਾ ਹੈ? ਸਿਧਾਂਤਾਂ, ਵਿਚਾਰਾਂ, ਯਕੀਨਾਂ ਤੇ ਵਰਤੋਂ ਦਾ ਵਖੇਵਾਂ ਇਸ ਦਾ ਤੱਤ ਹੈ...'।[13] ਇਸ ਲਈ ਇਹ ਸਮਝਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਵਖੋ ਵਖ ਸਿਧਾਂਤਾਂ ਤੇ ਯਕੀਨਾਂ ਆਦਿ ਨੂੰ ਕਿਵੇਂ ਧਾਰਮਕ ਯਕੀਨਾਂ ਦੇ ਇਕ ਆਧਾਰ ਉਤੇ ਇਕੱਠਿਆਂ ਕਰਕੇ ਬੁਧ-ਮੱਤ ਦਾ ਮੁਕਾਬਲਾ ਕੀਤਾ ਗਿਆ।

ਦਰ-ਅਸਲ ਝਗੜਾ ਧਾਰਮਕ ਸਿਧਾਂਤਾਂ ਜਾਂ ਯਕੀਨਾਂ ਦਾ ਨਹੀਂ ਸੀ। ਬੁਧ-ਮੱਤ ਤੋਂ ਜੋ ਅਸਲ

ਖ਼ਤਰਾ ਪੈਦਾ ਹੋਇਆ ਸੀ ਉਹ ਉਸ ਦੀਆਂ ਉਨ੍ਹਾਂ ਮਨੁਖੀ ਕੀਮਤਾਂ ਤੋਂ ਸੀ ਜੋ ਜਾਤ-ਪਾਤੀ **ਪ੍ਰਬੰਧ ਦੀਆਂ ਕੀਮਤਾਂ ਦੇ ਬਰਅੱਕਸ ਸਨ।** ਪੁਰਾਤਨ ਹਿੰਦੂ-ਧਰਮਾ ਅਤੇ ਜਾਤ-ਪਾਤੀ ਪ੍ਰਬੰਧ ਦਾ ਇਤਨਾ ਤਾਣੇ-ਪੇਟੇ ਦਾ ਸੰਬੰਧ ਹੋ ਗਿਆ ਸੀ ਕਿ ਜਾਤ-ਪਾਤੀ ਪ੍ਰਬੰਧ ਨੂੰ ਖ਼ਤਰਾ ਹਿੰਦੂ-ਧਰਮਾ ਨੂੰ ਖਤਰਾ ਸਮਝਿਆ ਜਾਣ ਲਗ ਪਿਆ ਸੀ । 'ਪੁਰਾਤਨ ਫਿਰਕਿਆਂ ਦੇ ਮੁਕਾਬਲੇ ਬੋਧੀਆਂ ਆਦਿ (theopratries) ਦੀ ਨਾਸਤਕਤਾ (heresy) ਇਸ ਵਿਚ ਹੈ ਕਿ ਉਹ ਵਿਅਕਤੀ ਨੂੰ ਉਸ ਦਿਆਂ ਰੀਤਕ ਫਰਜ਼ਾਂ ਤੋਂ ਤੋੜ ਕੇ ਲਾਂਭੇ ਲੈ ਜਾਂਦੀ ਹੈ, ਅਤੇ ਇਸ ਤਰ੍ਹਾਂ ਉਸ ਨੂੰ ਉਸ ਦੇ ਜਨਮ ਦੀ ਜਾਤੀ ਦੇ ਫ਼ਰਜ਼ਾਂ ਨਾਲੋਂ ਤੋੜਦੀ ਹੈ, ਅਤੇ ਇਸ ਤਰ੍ਹਾਂ ਉਸ ਦੇ 'ਧਰਮਾ' ਨੂੰ ਢਾਹੁੰਦੀ ਹੈ ਜਾਂ ਨਜ਼ਰ-ਅੰਦਾਜ਼ ਕਰਦੀ ਹੈ। ਇਹ ਹੋ ਜਾਵੇ ਤਾਂ ਹਿੰਦੂ ਆਪਣੀ ਜਾਤ (caste) ਖੋਹ ਬੈਠਦਾ ਹੈ । ਅਤੇ ਕਿਉਂਕਿ ਜਾਤ ਦੇ ਰਾਹੀਂ ਹੀ ਇਕ ਵਿਅਕਤੀ ਹਿੰਦੂ ਕੌਮ ਦਾ ਅੰਗ ਬਣ ਸਕਦਾ ਹੈ, ਇਸ ਲਈ ਉਹ ਇਥੋਂ (ਹਿੰਦੂ ਕੌਮ ਤੋਂ) ਬਾਹਰ ਹੋ ਜਾਂਦਾ ਹੈ'[14] ।

ਹਿੰਦੂ-ਧਰਮਾ ਤੇ ਬ੍ਰਾਹਮਣਾਂ ਦਾ ਤੋਰਾ-ਸਿੱਕਾ (authority) ਵੇਦਾਂ ਤੇ ਹੋਰ ਸਨਾਤਨੀ ਗ੍ਰੰਥਾਂ ਅਤੇ ਪੁਰਾਣੀ ਪਰੰਪਰਾ ਦੀ ਵਿਆਖਿਆ ਉਤੇ ਨਿਰਭਰ ਸੀ। ਇਸ ਕਰਕੇ ਹਿੰਦੂ-ਧਰਮਾ ਤੇ ਬ੍ਰਾਹਮਣਾਂ ਦੀ ਪ੍ਰਮਾਣੀਕਤਾ ਦੇ ਕਾਇਮ ਰਹਿਣ ਦਾ ਇਕੋ ਇਕ ਰਾਹ ਇਹ ਸੀ ਕਿ ਇਨ੍ਹਾਂ ਦਾ ਵੇਦਕ ਸਾਹਿਤ ਤੇ ਪੁਰਾਤਨ ਪਰੰਪਰਾ ਨਾਲ ਸੰਬੰਧ ਕਾਇਮ ਰਖਿਆ ਜਾਏ ਭਾਵੇਂ ਇਹ ਸੰਬੰਧ ਨਾਮਧਰੀਕ ਹੀ ਕਿਉਂ ਨਾ ਹੋਵੇ। ਇਹ ਸੰਬੰਧ ਵਾਸਤਵ ਵਿਚ ਹੈ ਵੀ ਨਾਮਧਰੀਕ ਸੀ, ਕਿਉਂਕਿ ਹੁਣ ਬ੍ਰਾਹਮਣ ਐਸੇ ਮੱਤਾਂ ਅਤੇ ਰੀਤਾਂ ਨੂੰ ਅਪਨਾਉਣ ਲਗ ਪਏ ਸਨ ਜਿਨ੍ਹਾਂ ਦਾ ਵੇਦਕ-ਧਰਮ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ। ਪਰ ਅਵੇਦਕ ਮਤਾਂ ਜਾਂ ਰੀਤਾਂ ਨੂੰ ਅਖੌਤੀ ਤੇ ਪੁਰਾਣੀ ਪਰੰਪਰਾ ਦੀ ਵੇਦਕ ਪ੍ਰਵਾਨਗੀ ਦਾ ਬੁਰਕਾ ਪਵਾ ਕੇ ਅਪਣਾਇਆ ਜਾਂਦਾ ਸੀ, ਭਾਵੇਂ ਵੇਦਕ ਤੇ ਪੁਰਾਣੀ ਪਰੰਪਰਾ ਦੇ ਅਰਥਾਂ ਨੂੰ ਕਿਤਨਾ ਹੀ ਮਰੋੜਨਾ ਤਰੋੜਨਾ ਕਿਉਂ ਨਾ ਪਵੇ। ਅਰਥਾਤ ਨਵੀਨ ਬ੍ਰਾਹਮਣ-ਮੱਤ (Neo Brahmanism) ਦੀ ਹੋਂਦ ਲਈ ਇਹ ਲਾਜ਼ਮੀ ਸੀ ਕਿ ਉਹ ਹਰ ਹਾਲਤ ਵਿਚ ਕਿਸੇ ਨਾ ਕਿਸੇ ਤਰ੍ਹਾਂ ਵੇਦਕ ਤੇ ਪੁਰਾਣੀ ਪਰੰਪਰਾ ਨਾਲ ਆਪਣਾ ਸੰਬੰਧ (ਭਾਵੇਂ ਇਹ ਅਖੌਤੀ ਤੇ ਨਾਮਧਰੀਕ ਹੀ ਹੋਵੇ) ਕਾਇਮ ਰਖੇ ।

ਇਸ ਦ੍ਰਿਸ਼ਟੀਕੋਨ ਤੋਂ ਬੁਧ-ਮੱਤ ਦੇ ਖ਼ਿਲਾਫ਼ ਬ੍ਰਾਹਮਣ-ਮੱਤ ਵਲੋਂ ਲਾਇਆ ਨਾਸਤਕਤਾ (heresy) ਦਾ ਦੂਸ਼ਨ ਗ਼ਲਤ ਨਹੀਂ ਸੀ। ਬੁਧ-ਮੱਤ ਨੇ ਐਲਾਨੀਆ ਤੌਰ ਉਤੇ ਵੇਦਕ ਧਰਮ ਤੇ ਪਰੰਪਰਾ ਨਾਲੋਂ ਮੁਕੰਮਲ ਤੌਰ ਉਤੇ ਆਪਣਾ ਸੰਬੰਧ ਤੋੜ ਲਿਆ ਸੀ। ਬੁਧ-ਮੱਤ ਨੇ ਆਪਣੇ ਧਾਰਮਕ ਗ੍ਰੰਥ ਅੱਡਰੇ ਬਣਾ ਲਏ, ਆਪਣਾ ਧਾਮਾ (ਧਰਮਾ) ਵਖਰਾ ਕਾਇਮ ਕਰ ਲਿਆ ਅਤੇ ਉਨ੍ਹਾਂ ਮਨੁਖੀ ਕੀਮਤਾਂ ਦਾ ਪ੍ਰਚਾਰ ਕੀਤਾ ਜੋ ਜਾਤ-ਪਾਤੀ ਪ੍ਰਬੰਧ ਦੀਆਂ ਕੀਮਤਾਂ ਦੀਆਂ ਜੜ੍ਹਾਂ ਵਿਚ ਤੇਲ ਦੇਂਦੀਆਂ ਸਨ। ਅਰਥਾਤ ਬੁਧ-ਮੱਤ ਤੇ ਬ੍ਰਾਹਮਣ-ਮੱਤ ਦੇ ਆਪਸ ਵਿਚ ਮੇਲ ਦੀ ਕੋਈ ਗੁੰਜਾਇਸ਼ ਨਾ ਰਹੀ, ਜਿਸ ਕਰਕੇ ਬੁਧ-ਮੱਤ ਨੂੰ ਬ੍ਰਾਹਮਣ-ਮੱਤ ਆਪਣਾ ਜਾਨੀ ਦੁਸ਼ਮਣ ਸਮਝਣ ਲਗ ਪਿਆ। ਇਸ ਦੇ ਮੁਕਾਬਲੇ ਭਗਵਤ-ਮੱਤ, ਭਾਵੇਂ ਇਹ ਸ਼ੁਰੂ ਵਿਚ ਗੈਰ-ਪੁਰਾਤਨੀਆ (unorthodox) ਸੀ, ਨੇ ਪੁਰਾਤਨ ਪਰੰਪਰਾ ਤੋਂ ਆਪਣਾ ਸੰਬੰਧ ਮੁਕੰਮਲ ਤੌਰ ਉਤੇ ਨਹੀਂ ਸੀ ਤੋੜਿਆ। ਪਰਾਤਨਤਾ ਵਲ ਇਸ ਦੀ ਰਹਿ ਗਈ ਝੀਤ ਰਾਹੀਂ ਭਗਵਤ-ਮੱਤ ਦੇ ਅੰਦਰ ਵੜਕੇ ਬ੍ਰਾਹਮਣ-ਮੱਤ ਨੂੰ ਮੌਕਿਆ ਮਿਲ ਗਿਆ ਕਿ ਇਸ (ਭਗਵਤ-ਮੱਤ) ਦਾ ਹੁਲੀਆ ਐਸਾ ਬਦਲ ਦੇਵੇ ਜੋ ਇਹ ਹਿੰਦੂ-ਧਰਮਾ ਵਿਚ ਫਿਟ ਹੋ ਜਾਵੇ। ਇਸ ਮਕਸਦ ਵਿਚ ਬ੍ਰਾਹਮਣ-ਮੱਤ ਕਿਸ ਹੱਦ ਤਕ ਕਾਮਯਾਬ ਹੋ ਗਿਆ, ਇਸ ਦਾ ਅੰਦਾਜ਼ਾ ਇਸ ਤੋਂ ਹੀ ਲਗ ਜਾਂਦਾ ਹੈ ਕਿ ਜਿਨ੍ਹਾਂ ਭਗਵਤ-ਮੱਤ ਦੇ ਮੁੱਢ ਨੂੰ ਨਾ ਵਾਚਿਆ ਹੋਵੇ



ਉਨ੍ਹਾਂ ਨੂੰ ਇਹ ਤੱਥ ਹੈਰਾਨ ਕਰੇਗਾ ਕਿ ਭਗਵਤ-ਮੱਤ ਕਦੇ ਗੈਰ-ਪੁਰਾਤਨੀਆ ਸੀ। ਇਸੇ ਕਾਰਨ ਬ੍ਰਾਹਮਣ-ਮੱਤ ਨੂੰ ਇਹ ਪੈਂਤੜਾ (strategy) ਪੁਗਦਾ ਸੀ ਕਿ ਉਹ ਇਕ ਧਾਰਮਕ ਜਨਤਕ ਉਭਾਰ (ਜਿਸ ਨੂੰ ਉਹ ਆਪਣੇ ਹਿੱਤ ਲਈ ਬਦਲ ਨਹੀਂ ਸੀ ਸਕਦਾ ਅਰਥਾਤ ਬੁੱਧ-ਮੱਤ) ਨੂੰ ਡੇਗਣ ਲਈ ਇਕ ਹੋਰ ਧਾਰਮਕ ਜਨਤਕ ਉਭਾਰ (ਜਿਸ ਨੂੰ ਆਪਣੇ ਹਿੱਤ ਲਈ ਬਦਲਕੇ ਵਰਤਣ ਦੀ ਗੁੰਜਾਇਸ਼ ਸੀ ਅਰਥਾਤ ਭਗਵਤ-ਮੱਤ) ਨੂੰ ਵਰਤੇ । ਇਕ ਜਨਤਕ ਉਭਾਰ ਨੇ ਦੂਸਰੇ ਨੂੰ ਢਾਹਿਆ ਅਤੇ ਸੁਰਜੀਤ ਹੋਇਆ ਪਿਛਾਂਹ-ਖਿਚੂ ਜਨਤਕ ਹਿੱਤਾਂ ਦਾ ਗਲ-ਘੁੱਟੂ, ਬ੍ਰਾਹਮਣ-ਮੱਤ।

ਅਸੀਂ ਇਥੇ ਇਹ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਉਪਰੋਕਤ ਵਿਚਾਰ ਬੋਧੀਆਂ ਦੇ ਹਿੰਦ ਵਿਚ ਬੋਲਬਾਲੇ ਦੇ ਜ਼ਵਾਲ ਅਤੇ ਬ੍ਰਾਹਮਣ-ਮੱਤ ਦੀ ਪਿਛਾਂਹ-ਖਿਚਤਾ (reaction) ਦੇ ਸੁਰਜੀਤ ਹੋਣ ਨੂੰ ਵਿਆਖਣ ਲਈ ਇਕ ਅਨੁਮਾਨ ਹੈ। ਪਰ ਜਿਥੇ ਹੋ ਗੁਜ਼ਰੇ ਵਾਕਿਆਤ ਨੂੰ ਦਰਸਾਉਣ ਲਈ ਤੱਥਾਂ ਦੀਆ ਸਪੱਸ਼ਟ ਲੀਹਾਂ ਨਾ ਹੋਣ, ਉਥੇ ਅਨੁਮਾਨ ਲਾਉਣ ਬਿਨਾਂ ਹੋਰ ਹੋ ਵੀ ਕੀ ਸਕਦਾ ਹੈ। ਵਰਣ ਵਾਲੀ ਗਲ ਸਿਰਫ਼ ਇਹ ਹੈ ਕਿ ਵਖੋ ਵਖ ਲਾਏ ਜਾ ਸਕਣ ਵਾਲੇ ਅਨੁਮਾਨਾਂ ਵਿਚੋਂ ਵਧੇਰੇ ਢੁਕਵਾਂ ਕਿਹੜਾ ਹੈ ।

**ਭਗਵਤ-ਮੱਤ ਦੀ ਤਰੋੜਾ-ਮਰੋੜੀ :** ਅਸਾਂ ਵੇਖ ਲਿਆ ਹੈ ਕਿ ਬ੍ਰਾਹਮਣ-ਮੱਤ ਦੇ ਪਿਛਾਂਹ-ਖਿਚੂਪਣ ਨੇ ਕਿਵੇਂ ਇਕ ਧਾਰਮਕ ਜਨਤਕ ਉਭਾਰ ਨੂੰ ਦੂਸਰੇ ਦੀ ਮਦਦ ਨਾਲ ਢਾਹਿਆ। ਦੋ-ਧਾਰੇ ਦੀ ਇਹ ਇਕ ਧਾਰ ਦੀ ਵਰਤੋਂ ਸੀ। ਦੂਸਰੀ ਧਾਰ ਭਗਵਤ-ਮੱਤ ਦਾ ਹੁਲੀਆ ਬਦਲਣ ਦੀ ਸੀ ਜਿਸ ਨਾਲ ਭਗਵਤ-ਮੱਤ ਬਦਲਕੇ ਪਿਛਾਹ-ਖਿਚੂ ਬ੍ਰਾਹਮਣ-ਵਾਦ ਦਾ ਅਨਿਖੜਵਾਂ ਅੰਗ ਹੀ ਬਣ ਗਿਆ ।

ਭਗਵਤ-ਮੱਤ ਦੇ ਧਾਰਮਕ ਸਾਹਿਤ ਵਿਚ ਐਸਾ ਰਲਾ ਪਾਇਆ ਗਿਆ (Interpolated) ਜਿਸ ਸਦਕਾ ਇਹ ਵੇਦ-ਮੱਤ ਨਾਲ ਜਾਂ ਜੋੜਿਆ ਗਿਆ ਜਾ ਇਸ ਉਤੇ ਆਧਾਰਤ ਜ਼ਾਹਰ ਕੀਤਾ ਗਿਆ। 15 ਅਵਤਾਰਾਂ ਦਾ ਇਕ ਸਿਧਾਤ (ਜਿਸ ਤੋਂ ਵੇਦ-ਮੱਤ ਜਾਣੂ ਨਹੀਂ ਸੀ, ਖ਼ਾਸ ਕਰ ਇਸ ਦੇ ਨਵੇਂ ਰੂਪ ਤੋਂ) ਘੜਿਆ ਗਿਆ, ਜਿਸ ਨਾਲ ਲੋਕਾਂ ਦੇ ਹਰਮਨ-ਪਿਆਰੇ ਦੇਵੀ ਦੇਵਤਿਆਂ ਨੂੰ ਵੇਦ-ਮੱਤ ਦੇ ਦੇਵੀ ਦੇਵਤਿਆਂ ਦਾ ਹੀ ਰੂਪ ਦਸਣਾ ਸੌਖਾ ਹੋ ਗਿਆ, ਅਤੇ ਇਸ ਤਰ੍ਹਾਂ ਭਗਵਤ-ਮੱਤ ਨੂੰ ਬ੍ਰਾਹਮਣ-ਮੱਤ ਵਿਚ ਜਜ਼ਬ ਕਰਨਾ ਸੌਖਾ ਹੋ ਗਿਆ[16]। ਨਵੀਆਂ ਰੀਤਾਂ ਜੋ ਵੇਦਕ ਨਹੀਂ ਸਨ ਉਹ ਗੈਰ-ਬ੍ਰਾਹਮਣ ਦਾਇਰੇ ਵਿਚੋਂ ਵੀ ਲੈ ਕੇ (ਮਿਸਾਲ ਵਜੋਂ ਮੂਰਤੀ ਅਤੇ ਲਿੰਗ ਪੂਜਾ) ਭਗਵਤ-ਮੱਤ ਵਿਚ ਸ਼ਾਮਲ ਕਰ ਲਈਆਂ ਗਈਆਂ ਅਤੇ ਬ੍ਰਾਹਮਣ ਇਨ੍ਹਾਂ ਦੇ ਪੁਜਾਰੀ ਬਣ ਬੈਠੇ। ਸ਼ਿਵ ਦੇ ਮੱਥੇ ਇਹ ਮੜ੍ਹਿਆ ਗਿਆ ਕਿ ਉਹ ਮੰਨੂੰ ਦੀ ਨਸਲ ਦੀ ਰਖਿਆ ਕਰਨ ਵਾਲੇ ਹਨ[17] ਅਤੇ ਕ੍ਰਿਸ਼ਨ ਨੂੰ ਚਤਰ-ਵਰਨ ਦਾ ਬਾਨੀ ਦਸਿਆ ਗਿਆ[18]। ਇਸ ਤਰ੍ਹਾਂ ਭਗਵਤ-ਮੱਤ ਅਖ਼ੀਰ ਵਿਚ ਨਵੀਨ ਬ੍ਰਾਹਮਣ-ਮੱਤ ਦਾ ਇਕ ਅਨਿਖੜਵਾਂ ਅੰਗ ਬਣ ਗਿਆ ਅਤੇ ਜਾਤ-ਪਾਤੀ ਅਲੱਚਕਤਾ (rigidity) ਪੁਰਾਤਨ ਪਰੰਪਰਾ, ਰਸਮ ਅਤੇ ਰਹੁ-ਰੀਤੀ ਵਿਚ ਇਸ ਹੱਦ ਤਕ ਸਮਾ ਗਿਆ ਕਿ ਜਦ ਰਾਮਾਨੰਦ ਨੇ ਰਾਮਾਨੁਜ ਦੇ ਸਿਧਾਂਤ ਤੋਂ ਹਿੰਦੂ ਭਾਈਚਾਰਕ ਵਰਤੋਂ ਦੇ ਕਾਇਦਿਆਂ ਦੀ ਇਕ ਮਾਮੂਲੀ ਜਿਹੀ ਉਲੰਘਣਾ ਕਾਰਨ (ਖਾਸ ਕਰ ਖਾਣ ਪੀਣ ਦੀਆਂ ਹੱਦਬੰਦੀਆਂ ਦੀ[19]) ਅਲੈਹਦਗੀ ਕੀਤੀ ਤਾਂ ਇਸ ਨੂੰ ਰਾਮਾਨੰਦ ਨੇ ਇਤਨਾ ਇਨਕਲਾਬੀ ਕਦਮ ਸਮਝਿਆ ਕਿ ਉਨ੍ਹਾਂ ਆਪਣੇ ਫਿਰਕੇ ਨੂੰ 'ਮੁਕਤ ਹੋਏ' ਕਰਾਰ ਦਿਤਾ[20] ।

**ਭਗਤੀ-ਮਾਰਗ, ਸਿਖ-ਲਹਿਰ ਆਦਿ :** ਜੇ ਅਸੀਂ ਨਵੀਨ ਭਗਤੀ ਲਹਿਰ ਦਾ ਜੋ ਅੰਤਮ ਹਸ਼ਰ ਹੋਇਆ ਉਸ ਵਲ ਧਿਆਨ ਮਾਰੀਏ ਤਾਂ ਭਗਵਤ-ਮੱਤ ਦੇ ਬ੍ਰਾਹਮਣ-ਮੱਤ ਵਿਚ ਹੜੱਪ ਹੋ

ਜਾਣ ਦੀ ਹੈਰਾਨੀ ਨਹੀਂ ਰਹਿੰਦੀ। ਨਵੀਨ ਭਗਤੀ ਲਹਿਰ ਉਦੋਂ ਪੈਦਾ ਹੋਈ ਜਦੋਂ ਬ੍ਰਾਹਮਣ-ਮੱਤ ਦੀ ਪਿੱਠ ਪੂਰਨ ਵਾਲੀ ਰਾਜਸੀ ਤਾਕਤ ਖ਼ਤਮ ਹੋ ਚੁਕੀ ਸੀ। ਬਲਕਿ ਵੇਲੇ ਦੀ ਮੁਸਲਮਾਨ ਹਕੂਮਤ ਬ੍ਰਾਹਮਣ-ਮੱਤ ਦੇ ਇਕ ਪੱਖ ਨੂੰ ਢਾਹੁਣ ਉਤੇ ਲਗੀ ਹੋਈ ਸੀ। ਫਿਰ ਭਗਤੀ ਲਹਿਰ ਦੀ ਇਕ ਸਮੇਂ ਬੜੀ ਚਰਚਾ ਰਹੀ। ਅੰਤਮ ਸਿੱਟਾ ਉਹੋ ਢਾਕ ਦੇ ਢਾਈ ਪੱਤੇ। ਕਬੀਰ-ਪੰਥ, ਰਵਦਾਸ-ਪੰਥ, ਦਾਦਵ-ਪੰਥ ਦੀ ਹੁਣ ਕੀ ਭਾਈਚਾਰਕ ਦੇਣ ਹੈ ? ਜੇ ਅਗਰਜ਼ਾਂ ਦਾ ਰਾਜ ਨਾ ਆਉਂਦਾ ਅਤੇ ਪਛਮੀ ਸਭਿਅਤਾ ਦੇ ਅਸਰ ਹੇਠ ਸਿੰਘ ਸਭਾ ਲਹਿਰ ਆਦਿ ਨਾ ਉਪਜਦੀਆਂ ਤਾਂ ਪਤਾ ਨਹੀਂ ਕਿ ਸਿਖਾਂ ਦੀ ਨਵੇਕਲੀ ਹੈਸੀਅਤ ਰਹਿੰਦੀ ਜਾਂ ਨਾ, ਜਾਂ ਕਿਸ ਹੱਦ ਤਕ ਰਹਿੰਦੀ ? ਸਾਡਾ ਏਥੇ ਇਨ੍ਹਾਂ ਸਵਾਲਾਂ ਦੀ ਤਫਸੀਲ ਵਿਚ ਪੈਣ ਦਾ ਵਿਚਾਰ ਨਹੀਂ। ਅਸੀਂ ਇਥੇ ਕੇਵਲ ਬ੍ਰਾਹਮਣ-ਮੱਤ ਦੀ ਹੋਰ ਮੱਤਾਂ ਨੂੰ ਜਜ਼ਬ ਕਰ ਲੈਣ ਦੀ ਹੈਰਾਨ ਕਰਨ ਵਾਲੀ ਸ਼ਕਤੀ ਵਲ ਧਿਆਨ ਦਿਵਾਉਣਾ ਚਾਹੁੰਦੇ ਹਾਂ। ਹੋਰ ਤਾਂ ਹੋਰ, ਬ੍ਰਾਹਮਣ-ਮੱਤ ਆਪਣੇ ਦਾਇਰੇ ਤੋਂ ਬਾਹਰ ਦੇ ਮੱਤਾਂ ਉਤੇ ਵੀ ਆਪਣਾ ਪਰਛਾਵਾਂ ਪਾਉਂਦਾ ਰਿਹਾ। ਹਿੰਦ ਵਿਚਲੇ ਮੁਸਲਮਾਨਾਂ ਨੂੰ ਮਲੇਸ਼ ਕਰਾਰ ਦਿਤਾ ਗਿਆ। ਹਿੰਦੂ-ਪੁਣੇ ਦੇ ਦਾਇਰੇ ਤੋਂ ਮੁਸਲਮਾਨ ਇਤਨੇ ਬਾਹਰ ਸਮਝੇ ਜਾਂਦੇ ਸਨ ਕਿ ਜੋ ਹਿੰਦੂ ਇਕ ਵਾਰ ਮੁਸਲ-ਮਾਨ ਬਣ ਜਾਏ ਉਹ ਕਿਸੇ ਹਾਲਤ ਵਿਚ ਵੀ ਮੁੜ ਹਿੰਦੂ ਨਹੀਂ ਸੀ ਬਣ ਸਕਦਾ, ਭਾਵੇਂ ਉਹ ਜਬਰੀ ਮੁਸਲਮਾਨ ਬਣਾਇਆ ਗਿਆ ਹੋਵੇ[21]। ਇਸ ਦੇ ਬਾਵਜੂਦ ਅਸੀਂ ਵੇਖਦੇ ਹਾਂ ਕਿ ਹਿੰਦ ਦੇ ਮੁਸਲਮਾਨਾਂ ਅਤੇ ਈਸਾਈਆਂ ਨੇ, ਬ੍ਰਾਹਮਣ-ਮੱਤ ਦੇ ਲੁਕਵੇਂ (subtle) ਅਸਰ ਦੇ ਹੇਠ ਉਹ ਰਸਮਾਂ ਤੇ ਵਰਤੋਂ ਅਪਣਾਈ ਜੋ ਉਨ੍ਹਾਂ ਦੇ ਧਰਮਾਂ ਦੇ ਵਿਰੁਧ ਹਨ[22]। ਬ੍ਰਾਹਮਣ-ਮੱਤ ਜਾਂ ਹਿੰਦੂ-ਪੁਰਾਤਨਤਾ ਦੀ ਦੂਸਰਿਆਂ ਨੂੰ ਆਪਣੀ ਵਲ੍ਹੇਟ ਵਿਚ ਵਧ ਘੱਟ ਲੈ ਲੈਣ ਵਾਲੀ ਇਸ ਮਹਾਨ ਸ਼ਕਤੀ ਦਾ ਰਾਜ਼ ਕੀ ਹੈ ?

(ਚਲਦਾ)

1. Barth, p. 159. 2. Barth, pp. 155, 160, Bharatiya Vidya Bhavan, vol. ii, pp. 361–3. 3. Barth, pp. 178–9. 4. Garbe, E.R.E., vol 2, p. 535. 5. Barth, pp. 156-8. 6. Bharatiya, vol. ii, p. 453. 7. Muir and Vasishtha-Smriti quoted by Barth, p. 163. 8. Tara Chand, pp. 116-120. 9. ਇਸ ਦਾ ਹਵਾਲਾ ਹੈ, ਪਰ ਇਸ ਸਮੇਂ ਲਭ ਨਹੀਂ ਸਕਿਆ। 10. Grierson, E.R.E. 11. A. Weber, I. A., vol 30, Sykes. J.R.A.S., vol. 6. 12. Max Weber, p. 27. 13. Barth, p. 153. 14. Max Weber, p. 24. 15. Swamin A.G., J.R.A.S., 1911. 16. Grierson A., J.R.A.S., 1909, Kosambi D.D., J.R. A.S.B., vol. 44-5, Utigikar N.G., J.A., vol. 47, Hasting. J.E.R.E., vol 2, Crooke W., E.R.E , vol. 6, Bharatiya, vol. ii, p. 435. 17. Farquhar J N., J.R.A S., 1928. 18. Bharatiya, vol. ii, p. 441. 19. Farquhar J. N., J.R.A.S., 1920. Farquhar is of the opinion that Ramanand did not modify the social rules of the castes and did not make a break with idolatory, the Hindu pantheon,or the old mythology (Ibid). 20. Mecauliffe, vol. 6, p. 104. 21. Max Weber, p. 8. 22. Ibbetson, Punjab Castes, Sec. 333, 607 and Hutton, p. 121.

•



ਨਿਰਮਲ ਆਜ਼ਾਦ

## ਕਾਂਗਰਸ ਦਾ 'ਗਰੀਬੀ ਹਟਾਓ' ਦਾ ਸਿਆਸੀ ਢਕੌਂਚ—੧

ਭਾਰਤ ਦੀ ਹੁਕਮਰਾਨ ਸਰਮਾਏਦਾਰੀ ਨਵੇਂ ਨਾਹਰੇ ਘੜ੍ਹਨ 'ਚ ਮਾਹਰ ਰਹੀ ਹੈ : ਸ਼ਹਿਰੀ ਆਜ਼ਾਦੀ, ਜ਼ਮੀਨੀ ਸੁਧਾਰ, ਲੁਟ-ਰਹਿਤ ਸਮਾਜ ਦੀ ਸਿਰਜਣਾ, ਸਮਾਜਵਾਦ ਆਦਿ। ਫਿਰ 70ਵਿਆਂ 'ਚ ਵਧਦੀ ਸਮਾਜਕ-ਸਿਆਸੀ ਬੇਚੈਨੀ ਨੂੰ ਨੱਥ ਪਾਉਣ ਲਈ 'ਗਰੀਬੀ ਹਟਾਓ' ਦਾ ਨਾਹਰਾ। ਸਰਮਾਏਦਾਰ ਆਰਥਕਤਾ ਤੇ ਲੁਟ-ਖਸੁਟ ਕਰਕੇ ਵਧਦੇ ਜਮਾਤੀ ਪਾੜਿਆਂ ਦੇ ਪ੍ਰਸੰਗ 'ਚ ਅਤੇ ਪਾਰਲੀਮਾਨੀ ਖੱਬੀਆਂ ਪਾਰਟੀਆਂ ਦੀ ਸੋਧਵਾਦੀ ਤੇ ਮੌਕਾ-ਪ੍ਰਸਤ ਸਿਆਸਤ ਕਰਕੇ ਉਭਰੀ ਨਕਸ-ਲਵਾੜੀ ਲਹਿਰ, ਹਾਕਮ ਕਾਂਗਰਸ ਪਾਰਟੀ 'ਚ ਫੁਟ ਅਤੇ ਵਧਦੇ ਆਰਥਕ-ਸਮਾਜਕ ਸੰਕਟਾਂ ਕਰਕੇ ਹੁਕਮਰਾਨ ਸਰਮਾਏਦਾਰੀ ਲਈ ਸਮਾਜਕ-ਸਿਆਸੀ ਪ੍ਰਵਾਨਤਾ ਦੀ ਲੋੜ ਨੇ ਇਸ 'ਗਰੀਬੀ ਹਟਾਓ' ਦੇ ਨਾਹਰੇ ਨੂੰ ਜਨਮ ਦਿਤਾ।

ਅੰਗਰੇਜ਼ੀ ਸਾਮਰਾਜ ਤੋਂ ਸਿਆਸੀ ਸਮਝੌਤੇ ਰਾਹੀਂ ਸਟੇਟ ਦੀ ਤਾਕਤ ਆਪਣੇ ਹੱਥ ਲੈਣ ਦੇ ਸਮੇਂ ਤੋਂ ਹੀ ਭਾਰਤ ਦੀ ਸਰਮਾਏਦਾਰ ਜਮਾਤ (ਹਾਕਮ ਕਾਂਗਰਸ ਪਾਰਟੀ ਰਾਹੀਂ) ਗਰੀਬੀ ਦੂਰ ਕਰਨ, ਅਸਮਾਨਤਾ ਘਟਾਉਣ, ਪੈਦਾਵਾਰ ਦੇ ਵਸੀਲਿਆਂ ਦੀ ਕੁਝ ਕੁ ਹੱਥਾਂ 'ਚ ਹੁੰਦੀ ਅਜਾਰਾਦਾਰੀ ਰੋਕਣ, ਬੇਰੁਜ਼ਗਾਰੀ ਖ਼ਤਮ ਕਰਨ, ਸਭ ਲਈ ਇਕੋ ਜਿਹੇ ਤਰੱਕੀ ਦੇ ਮੌਕੇ ਪੈਦਾ ਕਰਨ, ਨਾਗਰਿਕਾਂ ਦੇ ਜਾਨ-ਮਾਲ ਦੀ ਸੁਰੱਖਿਆ ਕਰਨ ਅਤੇ ਸਮੁਚੇ ਆਰਥਕ-ਸਮਾਜਕ ਜੀਵਨ ਦਾ ਬਹੁਪੱਖਾ ਵਿਕਾਸ ਕਰਨ ਆਦਿ ਦੇ ਵਾਹਦੇ ਕਰਦੀ ਰਹੀ। ਅਜਿਹਾ ਕਹਿਣਾ ਇਸ ਜਮਾਤ ਦੀ ਸਿਆਸੀ ਮਜਬੂਰੀ ਸੀ। ਇਥੋਂ ਤੱਕ ਕਿ ਇਹਨਾਂ ਵਾਹਦਿਆਂ ਨੂੰ ਭਾਰਤ ਦੀ ਸਰਮਾਏਦਾਰੀ ਵਲੋਂ ਤਿਆਰ ਕੀਤੇ ਤੇ ਭਾਰਤੀ ਗਰੀਬਾਂ 'ਤੇ ਠੋਸੇ 'ਪਵਿੱਤਰ' ਸੰਵਿਧਾਨ ਵਿਚ ਵੀ ਨਿਰਦੇਸ਼ਕ ਸਿਧਾਤਾਂ ਦੇ ਨਾ ਹੇਠ ਕਲਮਬੰਧ ਕਰ ਦਿਤਾ ਗਿਆ।

ਸਰਮਾਏਦਾਰ ਉਤਪਾਦਨ ਪ੍ਰਣਾਲੀ 'ਚ ਪੈਦਾਵਾਰ ਦੇ ਜਮਾਤੀ ਰਿਸ਼ਤਿਆਂ ਹੇਠ ਹੋ ਰਹੇ ਆਰਥਕ-ਸਮਾਜਕ ਵਿਕਾਸ ਨਾਲ ਜਮਾਤੀ ਪੁਜ਼ੀਸ਼ਨਾਂ 'ਚ ਅਸਮਾਨਤਾ ਵਧਦੀ ਹੈ ਅਤੇ ਜਮਾਤੀ ਵਿਖਰੇਵਿਆਂ ਦੀਆਂ ਸਰਮਾਏਦਾਰ ਵਿਰੋਧਤਾਈਆਂ / ਤਲਖ਼ੀਆਂ ਹੋਂਦ ਵਿਚ ਆ ਜਾਂਦੀਆਂ ਹਨ। ਤੀਜੇ ਸੰਸਾਰ ਦੇ ਸਰਮਾਏਦਾਰ ਦੇਸ਼ਾਂ 'ਚ ਤਾਂ ਇਸ ਹੋ ਰਹੇ ਸਰਮਾਏਦਾਰ ਵਿਕਾਸ ਕਰਕੇ ਗਰੀਬ ਜਮਾਤਾਂ ਦੀ ਮੁਕਾਬਲਤਨ ਆਰਥਕ ਗਰੀਬੀ ਵੀ ਵਧੀ ਹੈ ਅਤੇ ਸਮਾਜਕ ਮੌਕਿਆਂ, ਸਿਆਸੀ ਪਹੁੰਚ ਤੇ ਸਭਿਆਚਾਰਕ ਪਖੋਂ ਇਹਨਾਂ ਗਰੀਬਾਂ ਦੀ ਪੁਜ਼ੀਸ਼ਨ ਹੋਰ ਵੀ ਕਮਜ਼ੋਰ ਹੋ ਗਈ ਹੈ।

'ਆਜ਼ਾਦ' ਭਾਰਤ 'ਚ ਪਹਿਲੇ 20 ਸਾਲਾਂ 'ਚ ਹੋਏ 'ਆਰਥਕ ਵਿਕਾਸ' ਤੇ ਸਮਾਜਕ ਇਨਸਾਫ਼' ਦਾ ਅੰਦਾਜ਼ਾ ਇਸ ਗੱਲ ਤੋਂ ਲਗਦਾ ਹੈ ਕਿ 70ਵਿਆਂ 'ਚ ਲਾਏ (ਸਰਕਾਰੀ, ਅਰਧ-ਸਰਕਾਰੀ) ਅੰਦਾਜ਼ਿਆਂ ਮੁਤਾਬਕ (ਵੀ) ਭਾਰਤ ਦੀ 40 ਤੋਂ 50 ਫ਼ੀ ਸਦੀ ਵਸੋਂ ਸਰਕਾਰੀ ਤੌਰ 'ਤੇ (ਬਹੁਤ ਘੱਟ) ਮਿਥੀ ਗਰੀਬੀ ਦੀ ਹੱਦ (1960-61 ਦੀਆਂ ਕੀਮਤਾਂ ਅਨੁਸਾਰ 20 ਰੁਪਏ ਮਹੀਨਾ ਫੀ ਜੀਅ ਦੇ ਆਮਦਨ ਦੇ ਹਿਸਾਬ ਨਾਲ) ਤੋਂ ਹੇਠਾਂ ਅਤੇ 70 ਫ਼ੀ ਸਦੀ ਵਸੋਂ (ਬੜੀ ਘੱਟ) ਔਸਤਨ ਗੁਜ਼ਾਰੇ ਦੀ ਪੱਧਰ ਤੋਂ ਵੀ ਹੇਠਾਂ ਸੀ। ਭਾਰਤੀ ਸਰਮਾਏਦਾਰੀ ਨੇ (ਹਾਕਮ ਕਾਂਗਰਸ ਪਾਰਟੀ ਰਾਹੀਂ) 70ਵਿਆਂ ਤੱਕ ਤਾਂ ਗੱਲੀਂ ਬਾਤੀਂ ਆਰਥਕ ਵਿਕਾਸ ਦੇ ਨਾਲ ਨਾਲ ਹੀ ਆਰਥਕ-ਸਮਾਜਕ ਅਸਮਾਨਤਾ ਨੂੰ ਦੂਰ ਕਰਨ, ਤੇ ਜ਼ੋਰ ਦਿੱਤਾ, ਪਰ ਫਿਰ 70ਵਿਆਂ 'ਚ ਦੇਸ਼ ਦੇ ਰਾਜਸੀ, ਸਮਾਜਕ ਤੇ ਆਰਥਕ ਹਾਲਾਤਾਂ ਨੂੰ ਮੁਖ ਰਖ ਕੇ ਆਰਥਕ-ਸਮਾਜਕ ਪਾੜਿਆਂ ਨੂੰ ਦੂਰ ਕਰਨ ਦੀ ਗੱਲ ਛੱਡ ਕੇ, ਅਮੀਰਾਂ ਦੀ ਵਧਦੀ ਅਮੀਰੀ ਵਲੋਂ ਅੱਖਾਂ ਬੰਦ ਕਰਕੇ, ਸਿਰਫ਼ 'ਗਰੀਬੀ ਹਟਾਓ' ਦੀ ਰੱਟ ਲਾਉਣੀ ਸ਼ੁਰੂ ਕਰ ਦਿਤੀ। ਇਵੇਂ ਇਹ ਭੁਲੇਖਾ ਪਾਉਣ ਕਿ ਬਹੁਤਿਆਂ ਦੀ ਗਰੀਬੀ ਦਾ ਥੋੜਿਆਂ ਦੀ ਅਮੀਰੀ ਨਾਲ ਕੋਈ ਸਬੰਧ ਨਹੀਂ, ਦੀ ਕੋਸ਼ਿਸ਼ ਕੀਤੀ ਗਈ। 'ਗਰੀਬੀ ਹਟਾਓ' ਦੇ ਪਰੋਗਰਾਮ ਤਹਿਤ ਇਸ ਗੱਲ ਨੂੰ ਬਿਆਨਿਆਂ ਗਿਆ ਕਿ ਮੌਜੂਦਾ (ਸਰਮਾਏਦਾਰ) ਢਾਂਚੇ 'ਚ ਤਾਂ ਕੋਈ ਖਰਾਬੀ ਨਹੀਂ, ਸੋ ਲੋਕਾਂ ਦੀਆਂ ਸਭ ਮੁਸੀਬਤਾਂ ਦਾ ਹੱਲ ਇਸ ਜਮਾਤੀ ਢਾਂਚੇ 'ਚ ਹੀ ਹੋ ਸਕਦਾ ਹੈ। ਹਾਕਮ ਕਾਂਗਰਸ ਦਾ 1971 ਦਾ (ਲੋਕ ਸਭਾ) ਚੋਣ ਮੈਨੀਫੈਸਟੋ 'ਗਰੀਬੀ ਹਟਾਓ' ਪਰੋਗਰਾਮ ਦਾ ਆਧਾਰ ਬਣਿਆ।

ਇੰਦਰਾ ਕਾਂਗਰਸ ਦੇ 'ਗਰੀਬੀ ਹਟਾਓ' ਪਰੋਗਰਾਮ ਬਾਰੇ ਚਾਰ ਵਿਚਾਰ / ਪੈਂਤੜੇ ਸਨ। **ਪਹਿਲਾ** ਵਿਚਾਰ ਇੰਦਰਾ ਭਗਤਾਂ ਦਾ ਸੀ ਕਿ ਬੇਸ਼ਕ ਗਰੀਬੀ ਅਜੇ ਤਕ ਖ਼ਤਮ ਨਹੀਂ ਹੋਈ, ਪਰ ਨਵੀਂ ਕਾਂਗਰਸ, ਇੰਦਰਾ ਕਾਂਗਰਸ ਇਸ ਬਾਰੇ ਸਿਰਤੋੜ ਯਤਨ ਕਰ ਰਹੀ ਹੈ ਤੇ ਇਸ 'ਚ ਸਫਲਤਾ ਮਿਲੇਗੀ। **ਦੂਜੇ** ਵਿਚਾਰ ਦੇ ਉਹ ਕਾਂਗਰਸ ਭਗਤ ਸਨ ਜਿਨ੍ਹਾਂ ਅਨੁਸਾਰ ਕਾਂਗਰਸ ਪਾਰਟੀ ਗਰੀਬੀ ਦੂਰ ਕਰਨ / ਘਟਾਉਣ ਅਤੇ ਗਰੀਬਾਂ ਤੇ ਅਮੀਰਾਂ 'ਚ ਆਰਥਕ-ਸਮਾਜਕ ਪਾੜੇ ਖ਼ਤਮ ਕਰਨ ਲਈ ਤਤਪਰ ਹੈ। ਸੋ ਪਾਰਟੀ ਪਰੋਗਰਾਮ ਦੀ ਪਧਰ 'ਤੇ ਤਾਂ ਕੋਈ ਕਸਰ ਬਾਕੀ ਨਹੀਂ, ਸਿਰਫ਼ ਸਰਕਾਰ ਦਵਾਰਾ ਅਮਲ ਦੀ ਪਧਰ 'ਤੇ ਗੱਲ ਢਿੱਲੀ ਹੈ। **ਤੀਜੇ** ਸਨ—ਸੀ. ਪੀ. ਆਈ. ਵਾਲੇ ਜੋ ਇਹ ਸਮਝਦੇ, ਕਹਿੰਦੇ ਤੇ ਪਰਚਾਰਦੇ ਰਹੇ ਕਿ ਹਾਕਮ ਕਾਂਗਰਸ ਪਾਰਟੀ ਤੇ ਇੰਦਰਾ ਹਕੂਮਤ ਦੇ 'ਗਰੀਬੀ ਹਟਾਓ' ਸਬੰਧੀ ਪਰੋਗਰਾਮ ਅਗਾਂਹਵਧੂ ਤਾਂ ਹਨ ਪਰ ਲੋੜ ਤੋਂ ਰਤਾ ਕੁ ਘੱਟ। ਸੋ ਲੋੜ ਹੈ—ਇੰਦਰਾ ਸਰਕਾਰ ਦੇ ਗਰੀਬੀ ਹਟਾਓ ਪਰੋਗਰਾਮ ਦੇ ਸਮਰਥਨ 'ਚ ਆਮ ਜਨਤਾ ਨੂੰ ਸਰਗਰਮ ਕਰਨ ਦੀ। ਇਹਨਾਂ ਅਨੁਸਾਰ ਇਵੇਂ ਸਰਕਾਰ ਆਪਣੇ ਪਰੋਗਰਾਮਾਂ ਨੂੰ ਸੁਧਾਰੇਗੀ ਵੀ ਤੇ ਮੰਨੇ ਪਰੋਗਰਾਮਾਂ ਨੂੰ ਲਾਗੂ ਕਰਨ ਲਈ ਇਸ ਨੂੰ ਮਜਬੂਰ ਵੀ ਕੀਤਾ ਜਾ ਸਕੇਗਾ।

**ਚੌਥੇ** ਮਾਰਕਸਵਾਦੀ-ਲੈਨਿਨਵਾਦੀ ਇਨਕਲਾਬੀਆਂ ਦਾ ਸਹੀ ਸਿਆਸੀ ਪੈਂਤੜਾ ਸੀ ਜੋ ਇਹਨਾਂ ਤਿੰਨਾਂ ਸਿਆਸੀ ਪੁਜ਼ੀਸ਼ਨਾਂ ਦਾ ਖੰਡਨ ਕਰਦਾ ਰਿਹਾ। ਇਸ ਅਨੁਸਾਰ ਪਿਛਲੇ ਸਮੇਂ 'ਚ ਤੇ ਹੁਣ ਵੀ ਸਰਕਾਰੀ ਪਾਲਸੀਆਂ ਤੇ ਅਮਲਾਂ ਰਾਹੀਂ ਆਮ ਜਨਤਾ ਦੀ ਗਰੀਬੀ ਵਧਾਉਂਦੀਆਂ ਤੇ ਲੁਟ-ਖਸੁਟ ਕਰਦੀਆਂ ਸਮਾਜਕ-ਸਿਆਸੀ ਤਾਕਤਾਂ ਮਜ਼ਬੂਤ ਹੋਈਆਂ ਹਨ, ਸੋ ਨਤੀਜੇ ਵਜੋਂ ਆਉਣ ਵਾਲੇ ਸਮੇਂ 'ਚ ਇਹ ਗਰੀਬੀ ਤੇ ਲੁਟ-ਖਸੁਟ ਘਟੇਗੀ ਨਹੀਂ, ਸਗੋਂ ਹੋਰ ਵਧੇਗੀ। ਗਰੀਬੀ ਤੇ ਲੁਟ-ਖਸੁਟ ਦਾ ਵਧਣਾ ਕਾਂਗਰਸ ਸਰਕਾਰ ਦੀਆਂ 'ਚੰਗੀਆਂ ਨੀਤੀਆਂ' ਪਰ 'ਮਾੜੇ ਅਮਲਾਂ' ਕਰਕੇ ਨਹੀਂ,



ਸਗੋਂ ਇਸ ਦੀ ਜੜ੍ਹ ਤਾਂ ਭਾਰਤ ਦੀ ਸਰਮਾਏਦਾਰ ਆਰਥਕਤਾ ਅਤੇ ਇਸ 'ਤੇ ਉਸਰੇ ਸਮੁਚੇ ਸਮਾਜਕ ਢਾਂਚੇ ਦੀ ਉਸਾਰੀ 'ਚ ਹੈ। ਸੋ ਨਾ ਤਾਂ ਹਾਕਮ ਕਾਂਗਰਸ ਪਾਰਟੀ ਦੀਆਂ ਨੀਤੀਆਂ ਅਗਾਂਹਵਧੂ ਹਨ ਤੇ ਨਾ ਹੀ ਲੋਕ-ਪੱਖੀ। ਅਗਾਂਹਵਧੂ ਤੇ ਲੋਕ-ਪੱਖੀ ਕੰਮਾਂ ਦਾ ਹੋਣਾ ਸਰਮਾਏਦਾਰ ਸਟੇਟ ਹੇਠ ਸੰਭਵ ਨਹੀਂ। ਸਰਮਾਏਦਾਰ ਸਟੇਟ ਦੀਆਂ ਮੁਢਲੇ ਤੌਰ ਤੇ 'ਹੀ ਕਾਮਿਆਂ-ਕਿਸਾਨਾਂ ਦੇ ਜਮਾਤੀ ਹਿੱਤਾਂ ਉਲਟ ਘੜੀਆਂ ਨੀਤੀਆਂ ਦੇ ਸਮਰਥਨ 'ਚ ਜਨਤਾ ਦੀ ਤੇ ਖ਼ਾਸ ਕਰ ਸੰਗਠਤ ਮਜ਼ਦੂਰ ਜਮਾਤ ਦੀ ਹਮਾਇਤ ਸਰਕਾਰ ਨੂੰ ਦੇਣੀ, ਇਹ ਪਰਚਾਰਨਾ ਤੇ ਕਰਨਾ, ਕਾਂਗਰਸ ਸਰਕਾਰ ਨੂੰ ਅਗਾਂਹਵਧੂ ਨੀਤੀਆਂ ਅਤੇ ਚੰਗੇ ਅਮਲ ਵਲ ਨਹੀਂ ਲੈ ਜਾਏਗਾ, ਸਗੋਂ ਇਨਕਲਾਬ-ਵਿਰੋਧੀ ਤਾਕਤਾਂ ਨੂੰ ਸਮਾਜ 'ਚ ਮਜ਼ਬੂਤ ਕਰਨ 'ਚ ਮਦਦ ਕਰੇਗਾ। ਇਸ ਤਰ੍ਹਾਂ ਲੋਕ-ਵਿਰੋਧੀ ਤਾਕਤਾਂ ਦੀ ਮਜ਼ਬੂਤੀ ਇਨਕਲਾਬੀ ਤਾਕਤਾਂ ਲਈ ਸ਼ਕੱਸਤ ਹੋਵੇਗੀ। ਸਰਮਾਏਦਾਰ ਹਕੂਮਤ ਦੀਆਂ ਆਰਥਕ-ਸਮਾਜਕ ਵਿਕਾਸ ਲਈ ਗ਼ਲਤ ਜਮਾਤੀ-ਨੀਤੀਆਂ ਦਾ ਵਿਰੋਧ ਕਰਨ ਦੀ ਥਾਂ, ਅਜਿਹੀ ਹਕੂਮਤ ਦਾ ਲੋਕ ਉਭਾਰ ਨੂੰ ਵਰਤ ਕੇ ਜਾਂ ਵਰਤਣ 'ਚ ਮਦਦ ਦੇ ਕੇ ਸਮਰਥਨ ਕਰਨਾ ਸਰਮਾਏਦਾਰ ਹਕੂਮਤ ਨੂੰ ਫ਼ਾਸ਼ੀਵਾਦ ਤੇ ਜਾਂ ਫਿਰ ਸਿਧੀ (ਨੰਗੀ-ਚਿੱਟੀ) ਸਰਮਾਏਦਾਰ ਡਿਕਟੇਟਰਸ਼ਿਪ ਵਲ ਲੈ ਜਾਣਾ ਹੈ। ਇਹ ਉਲਟ-ਇਨਕਲਾਬੀ ਕੰਮ ਹੋਵੇਗਾ। ਇਤਿਹਾਸਕ ਵਿਕਾਸ ਨੇ ਇਸ ਪੈਂਤੜੇ ਦੀ ਸਚਾਈ ਨੂੰ ਠੀਕ ਸਾਬਤ ਕਰ ਦਿੱਤਾ ਹੈ।

'ਗਰੀਬੀ ਹਟਾਓ' ਦਾ ਸਿਆਸੀ ਨਾਹਰਾ ਇੰਦਰਾ ਗਾਂਧੀ ਵਲੋਂ ਮਾਰਚ 1971 ਦੀਆਂ ਲੋਕ-ਸਭਾ ਦੀਆਂ ਚੋਣਾਂ ਸਮੇਂ ਪਰਚਾਰਿਆ ਗਿਆ। ਪਰ ਕਾਂਗਰਸ ਪਾਰਟੀ ਦਾ ਇਹ ਦਾਹਵਾ ਨਵਾਂ ਨਹੀਂ ਸੀ। ਇਸ ਸਮੇਂ ਤਕ ਇਸ ਦੀ ਉਮਰ 40 ਸਾਲ ਹੋ ਚੁਕੀ ਸੀ। ਪਹਿਲੀ ਵਾਰ ਕਾਂਗਰਸ ਪਾਰਟੀ ਨੇ ਆਪਣੇ 1931 ਦੇ ਕਰਾਚੀ ਸੈਸ਼ਨ 'ਚ ਇਹ ਗੱਲ ਕੀਤੀ। ਫਿਰ 1955 'ਚ ਅਵਧੀ ਸੈਸ਼ਨ ਤੇ 1964 'ਚ ਭੁਬਨੇਸ਼ਵਰ ਸੈਸ਼ਨ 'ਚ ਹਾਕਮ ਕਾਂਗਰਸ ਪਾਰਟੀ ਵਲੋਂ ਗਰੀਬੀ ਹਟਾਉਣ, ਆਮਦਨ 'ਚ ਅਸਮਾਨਤਾ ਘਟਾਉਣ ਅਤੇ ਬਿਨਾਂ ਇਹ ਦਸੇ ਕਿ ਸਮਾਜਵਾਦ ਕੀ ਹੁੰਦਾ ਹੈ, 'ਸਮਾਜਵਾਦੀ ਤਰੀਕੇ ਦੇ ਸਮਾਜ' ਨੂੰ ਉਸਾਰਨ ਦੀ ਗੱਲ ਹੁੰਦੀ ਰਹੀ।

ਬਹੁਤ ਕਹਿਣ ਅਤੇ ਕੁਝ ਕੁ ਕਰਨ ਦੇ ਬਾਵਜੂਦ ਵੀ ਕਾਂਗਰਸ ਪਾਰਟੀ ਦੀ ਸਰਦਾਰੀ ਹੇਠ ਭਾਰਤ ਦੀ ਸਰਮਾਏਦਾਰ ਸਟੇਟ 'ਚ 1971-72 ਤਕ ਦੇ ਪਿਛਲੇ 25 ਕੁ ਸਾਲਾਂ 'ਚ ਗਰੀਬੀ ਵੀ ਵਧੀ, ਗਰੀਬ ਵੀ ਅਤੇ ਭਾਰਤ ਦੀ ਬਹੁਤੀ ਵਸੋਂ ਲਈ, ਜੀਵਨ ਦੀਆਂ ਮੁਢਲੀਆਂ ਲੋੜਾਂ—ਕੁਲੀ, ਜੁਲੀ, ਗੁਲੀ—ਦਾ ਪੂਰੇ ਹੋਣਾ ਹੋਰ ਜ਼ਿਆਦਾ ਤੋਂ ਜ਼ਿਆਦਾ ਮੁਸ਼ਕਲ ਹੁੰਦਾ ਗਿਆ। ਸਨਅਤੀ ਸਰਮਾਏਦਾਰੀ, ਕਿਸਾਨ ਸਰਮਾਏਦਾਰੀ ਤੇ ਵਪਾਰਕ ਸਰਮਾਏਦਾਰੀ ਦੀ ਅਮੀਰੀ ਤੇ ਜਮਾਤੀ ਤਾਕਤ ਵਧਦੀ ਰਹੀ। ਭੁਖ, ਨੰਗ ਦੁਖੋਂ ਮਰੇ ਸਖ਼ਸ਼ਾਂ ਤੇ ਟੱਬਰਾਂ ਦੀ ਗਿਣਤੀ ਵਧਦੀ ਗਈ, ਖ਼ੂਨ ਵੇਚ ਕੇ ਗੁਜ਼ਾਰਾ ਕਰਦੇ ਲੋਕ ਤੇ ਮੰਗਤੇ ਲੱਖਾਂ ਦੀ ਗਿਣਤੀ 'ਚ ਮੌਜੂਦ ਸਨ। ਲੋਕ ਸਭਾ 'ਚ ਨਵੰਬਰ 29, 1972 ਨੂੰ ਕਾਂਗਰਸ ਸਰਕਾਰ ਨੇ ਖੁਦ ਮੰਨਿਆਂ ਕਿ 1964-65 'ਚ ਹੀ 44.57 ਫੀ ਸਦੀ ਪਿੰਡਾਂ ਅਤੇ 51.34 ਫ਼ੀ ਸਦੀ ਸ਼ਹਿਰਾਂ ਦੀ ਵਸੋਂ ਅਤਿਅੰਤ ਗਰੀਬੀ ਤੇ ਭੁਖ-ਮਰੀ ਦੀ ਹਾਲਤ 'ਚ ਰਹਿ ਰਹੀ ਸੀ। 60ਵੇਂ ਤੇ 70ਵੇਂ ਦੇ ਦਹਾਕੇ 'ਚ ਵਧਦੀ ਪੇਂਡੂ ਤੇ ਸ਼ਹਿਰੀ ਗਰੀਬੀ ਅਤੇ ਗਰੀਬਾਂ ਦੀ ਗਿਣਤੀ ਬਾਰੇ ਲਾਏ ਅੰਦਾਜ਼ਿਆਂ ਮੁਤਾਬਿਕ ਭਾਰਤ ਦੀ ਕੁਲ ਵਸੋਂ ਦਾ ਤਕਰੀਬਨ ਦੋ-ਤਿਹਾਈ ਹਿੱਸਾ 70ਵਿਆਂ 'ਚ ਕੁਲੀ, ਜੁਲੀ, ਗੁਲੀ ਦੀ ਥੁੜ ਦਾ ਸ਼ਿਕਾਰ ਸੀ। ਇਹਨਾਂ ਗਰੀਬਾਂ 'ਚੋਂ 70 ਫ਼ੀ ਸਦੀ ਲੋਕਾਂ ਦੀ ਹਾਲਤ ਆਰਥਕ-ਸਮਾਜਕ ਪਖੋਂ ਅਤੀ-ਅੰਤ ਖਸਤਾ ਸੀ। ਇਸ ਦਹਾਕੇ ਵਿਚ

ਗਰੀਬੀ ਦੂਰ ਕਰਨ ਲਈ ਕਹੇ ਸ਼ਬਦਾਂ, ਲਿਖੇ ਸ਼ਬਦਾਂ ਤੇ ਛੱਪੇ ਸ਼ਬਦਾਂ ਦੇ ਵਾਧੇ ਦੇ ਨਾਲ ਨਾਲ ਗਰੀਬਾਂ ਦੀ ਗਿਣਤੀ ਤੇ ਕੰਗਾਲੀ 'ਚ ਵੀ ਵਾਧਾ ਹੁੰਦਾ ਗਿਆ ।

ਮਾਰਚ 1971 ਦੀ ਲੋਕ ਸਭਾ ਦੀ ਚੋਣ ਸਮੇਂ ਕਾਂਗਰਸ ਪਾਰਟੀ ਦੇ (ਗਰੀਬੀ ਹਟਾਓ) ਮੈਨੀਫੈਸਟੋ 'ਚ ਇਹ ਕਿਹਾ ਗਿਆ ਕਿ ਭਾਰਤ ਦੇ ਗਰੀਬਾਂ 'ਚੋਂ ਬਹੁਤੇ ਬੇਜ਼ਮੀਨੇ ਖੇਤ-ਕਾਮੇ ਤੇ ਛੋਟੇ ਕਿਸਾਨ ਹਨ, ਇਸ ਲਈ ਇਹਨਾਂ ਦੀ ਆਰਥਕ ਹਾਲਤ ਸੁਧਰੇ ਬਿਨਾਂ ਗਰੀਬੀ ਨੂੰ ਮੁਲਕ 'ਚੋਂ ਖ਼ਤਮ ਨਹੀਂ ਕੀਤਾ ਜਾ ਸਕਦਾ । ਇਹੋ ਹੀ ਗੱਲ ਨਹਿਰੂ ਦੀ ਸਰਦਾਰੀ ਹੇਠ ਤਿਆਰ ਕੀਤੀ ਪਹਿਲੀ (ਸਰਮਾਏਦਾਰ) ਯੋਜਨਾ ਦੇ ਡਰਾਫ਼ਟ 'ਚ 20 ਸਾਲ ਪਹਿਲਾਂ 1951 'ਚ ਵੀ ਕਹੀ ਗਈ ਸੀ । ਇਥੇ ਹੀ ਬਸ ਨਹੀਂ; ਬਹੁਤ ਪਹਿਲਾਂ 1936 'ਚ ਕਾਂਗਰਸ ਦੇ ਅਖਿਲ ਭਾਰਤੀ ਸਮਾਗਮ 'ਚ ਪੇਂਡੂ ਭਾਰਤ ਦੀਆਂ ਮੁਸੀਬਤਾਂ—ਅੱਤ ਦੀ ਗਰੀਬੀ, ਬੇਰੁਜ਼ਗਾਰੀ ਤੇ ਕਿਸਾਨੀ ਦੇ ਕਰਜ਼ੇ ਆਦਿ—ਦੇ ਹੱਲ ਲਈ ਸਰਬ-ਭਾਰਤੀ ਪੇਂਡੂ ਵਿਕਾਸ ਪਰੋਗਰਾਮ ਉਲੀਕਣ ਦਾ ਫ਼ੈਸਲਾ ਕੀਤਾ ਗਿਆ ਸੀ ।

ਹਾਕਮ ਕਾਂਗਰਸ ਪਾਰਟੀ ਦੀਆਂ ਖੇਤੀ ਸਬੰਧੀ ਨੀਤੀਆਂ ਦੇ ਬਾਵਜੂਦ, ਸਗੋਂ ਇਹਨਾਂ ਕਰਕੇ, ਖ਼ਾਸ ਕਰ ਜ਼ਮੀਨੀ ਸੁਧਾਰਾਂ 'ਤੇ ਮਾੜੇ ਮੋਟੇ ਅਮਲ ਕਰਕੇ, 60ਵਿਆਂ ਤੋਂ ਬਾਅਦ ਪੇਂਡੂ ਸਮਾਜ 'ਚ ਆਮਦਨ ਦੇ ਪਾੜੇ ਹੋਰ ਵਧਣ ਦਾ ਸਰਮਾਏਦਾਰ ਜਮਾਤੀ ਆਧਾਰ ਹੋਰ ਮਜ਼ਬੂਤ ਹੋ ਗਿਆ। ਖੇਤੀ ਦੀ 'ਨਵੀਂ ਜੁਗਤ' ਦੀ ਵਰਤੋਂ ਕਰਕੇ—'ਹਰੇ ਇਨਕਲਾਬ' ਦੇ ਸਿੱਟਿਆਂ ਵਜੋਂ—ਪੇਂਡੂ ਆਰਥਕਤਾ 'ਚ ਇਹ ਪਾੜੇ ਹੋਰ ਵੀ ਵਧੇ । ਸਠਵੇਂ-ਸਤਰਵੇਂ ਦੇ ਅੱਧ ਤੋਂ ਬਾਅਦ ਪੇਂਡੂ ਭਾਰਤ ਵਿਚ ਸਮਾਜਕ-ਸਿਆਸੀ 'ਬੇਚੈਨੀ' ਦੀਆਂ ਵਾਰਦਾਤਾਂ, ਬੇਜ਼ਮੀਨੇ ਖੇਤ-ਕਾਮਿਆਂ, ਮੁਜ਼ਾਰਿਆਂ / ਕਾਸ਼ਤਕਾਰਾਂ ਦੇ ਆਪਣੇ ਲੋਟੂਆਂ ਵਿਰੁਧ ਕੀਤੇ ਖਾੜਕੂ ਸੰਘਰਸ਼ਾਂ ਕਰਕੇ, ਵਧ ਗਈਆਂ । ਇਹ ਹੀ ਸਮਾਂ ਸੀ ਜਦ ਖੱਬੀ ਸਿਆਸੀ ਲਹਿਰ 'ਚ ਹਥਿਆਰਬੰਦ ਕਿਸਾਨੀ ਘੋਲ ਰਾਹੀਂ ਲੋਕ-ਜਮਹੂਰੀ ਇਨਕਲਾਬ ਦੇ ਨਾਹਰੇ ਨੇ ਸਾਰੇ ਭਾਰਤ ਨੂੰ ਝੰਜੋੜ ਦਿਤਾ । ਪੇਂਡੂ ਭਾਰਤ 'ਚ ਉਭਰੀ ਸਮਾਜਕ-ਸਿਆਸੀ ਅਸਥਿਰਤਾ ਤੇ ਬੇਚੈਨੀ ਨੇ ਮੁਲਕ ਦੀ ਸਮੁਚੀ ਸਿਆਸਤ ਅਤੇ ਆਉਣ ਵਾਲੇ ਸਮੇਂ 'ਚ ਹੁਕਮਰਾਨ ਸਰਮਾਏਦਾਰੀ ਦੀ ਰਾਜ ਕਰਨ ਦੀ ਜੁਗਤ ਨੂੰ ਹੀ ਬਦਲ ਕੇ ਰਖ ਦਿਤਾ ।

ਅਮੀਰ / ਸਰਮਾਏਦਾਰ ਕਿਸਾਨੀ ਅਤੇ ਪੇਂਡੂ ਗਰੀਬਾਂ 'ਚ ਵਧਦੇ ਜਮਾਤੀ ਵਿਰੋਧਾਂ ਅਤੇ ਟੱਕਰਾਂ ਦੇ ਕਾਰਨਾਂ ਦਾ ਜਾਇਜ਼ਾ ਲੈਣ ਲਈ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਨੇ 1969 'ਚ ਤਿਆਰ ਕੀਤੀ ਰਿਪੋਰਟ 'ਚ ਇਹਨਾਂ ਵਧ ਰਹੇ ਸੰਘਰਸ਼ਾਂ 'ਚੋਂ 80 ਫ਼ੀ ਸਦੀ ਬੇਜ਼ਮੀਨੇ ਖੇਤ-ਕਾਮਿਆਂ ਦੁਵਾਰਾ ਜ਼ਮੀਨਾਂ ਦੇ ਵੱਡੇ (ਸਰਮਾਏਦਾਰ) ਮਾਲਕਾਂ ਵਿਰੁਧ ਦਸੇ । ਮੁਖ ਮੰਗਾਂ ਸਨ : ਖੇਤ-ਮਜ਼ਦੂਰੀ 'ਚ ਵਾਧਾ, ਮੁਜ਼ਾਰਿਆਂ ਦੇ ਜ਼ਮੀਨ ਵਾਹੁਣ ਦੇ ਹੱਕ ਦੀ ਰਾਖੀ, ਫ਼ਸਲ ਦੀ ਠੀਕ ਵੰਡਾਈ ਅਤੇ ਜ਼ਮੀਨ ਦੀ ਵੰਡ ਆਦਿ । ਇਹ ਮੰਨਿਆ ਗਿਆ ਕਿ ਜ਼ਮੀਨੀ-ਸੁਧਾਰਾਂ ਵਲ ਬੇਧਿਆਨੀ (ਇਹਨਾਂ ਨੂੰ ਲਾਗੂ ਨਾ ਕਰਨ, ਅਤੇ ਲਾਗੂ ਕਰਦੇ ਸਮੇਂ ਅਮੀਰ ਕਿਸਾਨਾਂ ਤੇ ਫੀਊਡਲ ਅਨਸਰਾਂ ਦੇ ਹੱਕ 'ਚ ਹੇਰਾਫੇਰੀ) ਕਰਕੇ, ਮੁਜ਼ਾਰਿਆਂ / ਕਾਸ਼ਤਕਾਰਾਂ ਦੀ ਜ਼ਮੀਨ ਦੇ ਲੋਟੂ ਕਰਾਏ ਰਾਹੀਂ ਲੁਟ-ਖੋਹ, ਜ਼ਮੀਨ ਹੱਦਬੰਦੀ ਦੇ ਲਾਗੂ ਨਾ ਕਰਨ ਅਤੇ ਵਾਧੂ ਜ਼ਮੀਨ ਦੇ ਲੋੜਵੰਦਾਂ 'ਚ ਨਾ ਵੰਡਣ ਕਰਕੇ, ਜ਼ਮੀਨ ਦੀ ਮਾਲਕੀ 'ਚ ਗੰਭੀਰ ਅਣਸਾਵਾਂਪਨ ਹੋਣ ਕਰਕੇ, 'ਹਰੇ ਇਨਕਲਾਬ' ਕਰਕੇ ਵਧੇ ਜਮਾਤੀ ਪਾੜਿਆਂ ਅਤੇ ਵਧੀ ਪੇਂਡੂ ਪਰੋਲਤਾਰੀਆ ਦੀ ਲੁਟ ਕਰਕੇ, ਇਹ ਸਮਾਜਕ-ਸਿਆਸੀ ਬੇਚੈਨੀ ਪੇਂਡੂ ਸਮਾਜ 'ਚ ਹੈ । ਇਸ ਪਹਿਲਾਂ ਦੀ ਛੁਪੀ ਸਮਾਜਕ ਬੇਚੈਨੀ ਨੂੰ ਸਿਧੇ ਰੂਪ 'ਚ ਪੇਂਡੂ ਗਰੀਬਾਂ ਦੇ ਅਮੀਰ / ਸਰਮਾਏਦਾਰ ਕਿਸਾਨਾਂ ਤੇ ਫੀਊਡਲ ਅਨਸਰਾਂ ਨਾਲ ਜਮਾਤੀ ਟੱਕਰ 'ਚ ਬਦਲ ਦੇਣ ਦਾ



ਕਾਰਨ ਖੇਤੀ ਦੀ ਨਵੀਂ ਤਕਨੀਕ 'ਤੇ ਆਧਾਰਤ ਖੇਤੀ ਦੀ 'ਨਵੀਂ ਜੁਗਤ' (ਤੇ ਇਸ ਤੋਂ ਜਨਮੇਂ 'ਹਰੇ ਇਨਕਲਾਬ') ਨੂੰ ਹੀ ਮੰਨਿਆ ਗਿਆ । ਨਕਸਲਵਾੜੀ ਲਹਿਰ ਦੇ ਭਾਰਤ 'ਚ ਹਥਿਆਰਬੰਦ ਕਿਸਾਨੀ ਇਨਕਲਾਬੀ ਰਾਹੀਂ ਸਮਾਜਕ ਤਬਦੀਲੀ ਲਿਆਉਣ ਦੇ ਪੈਂਤੜੇ ਤੋਂ ਘਬਰਾ ਕੇ ਸਰਮਾਏਦਾਰ ਸਰਕਾਰ ਨੇ ਇਹ ਮੰਨਿਆ ਕਿ ਦੇਸ਼ ਇਸ ਦਹਾਨੇ 'ਤੇ ਖੜਾ ਹੈ ਕਿ ਇਕ-ਦੋ ਮਾੜੀਆਂ ਫ਼ਸਲਾਂ ਹੋ ਜਾਣ ਨਾਲ ਪੇਂਡੂ ਭਾਰਤ ਦੀ ਆਰਥਕ, ਸਮਾਜਕ ਤੇ ਸਿਆਸੀ ਬੇਚੈਨੀ 'ਭਿਆਨਕ' ਰੂਪ ਧਾਰ ਸਕਦੀ ਹੈ ।

ਯਾਦ ਰਹੇ, ਇੰਦਰਾ ਸਰਕਾਰ ਦੇ ਸਮੇਂ ਸਰਮਾਏਦਾਰ ਸਟੇਟ ਦੀਆਂ ਪਾਲਸੀਆਂ ਕਰਕੇ ਭਾਰਤ ਦੀ ਪੇਂਡੂ ਆਰਥਕਤਾ 'ਚ ਸਰਮਾਏਦਾਰ ਰਿਸ਼ਤੇ ਪਹਿਲਾਂ ਤੋਂ ਮਜ਼ਬੂਤ ਹੋਏ ਅਤੇ ਵਧ ਰਹੀ ਖੇਤੀ ਦੀ ਸਰਮਾਏਦਾਰ ਪੈਦਾਵਾਰ ਦੇ ਅਮਲ 'ਚ ਪੇਂਡੂ ਗਰੀਬਾਂ ਦੀ ਪੇਂਡੂ ਸਰਮਾਏਦਾਰੀ ਤੇ ਸਟੇਟ ਰਾਹੀਂ (ਖੇਤ-ਕਾਮਿਆਂ ਦੀ ਮਜ਼ਦੂਰੀ ਦੀਆਂ ਦਰਾਂ, ਕੰਮ ਦੇ ਸਮੇਂ ਤੇ ਸ਼ਰਤਾਂ ਕਰਕੇ ਅਤੇ ਛੋਟੇ / ਸੀਮਤ ਕਿਸਾਨਾਂ, ਮੁਜ਼ਾਰਿਆਂ / ਕਾਸ਼ਤਕਾਰਾਂ ਦੀ ਜ਼ਮੀਨ ਦੇ ਵਧਦੇ ਠੇਕੇ / ਕਰਾਏ, ਮਸ਼ੀਨਰੀ, ਬੀਜਾਂ, ਖਾਦਾਂ, ਸਿੰਜਾਈ ਦੇ ਵਧਦੇ ਖਰਚਿਆਂ ਕਰਕੇ ਤੇ ਸਰਕਾਰੀ ਸਹੂਲਤਾਂ ਦੇ ਨਾ ਮਿਲਣ ਕਰਕੇ) ਲੁਟ 'ਚ ਵਾਧਾ ਹੋਇਆ । ਵਧ ਰਹੀ ਸਮਾਜਕ-ਸਿਆਸੀ ਬੇਚੈਨੀ ਨੂੰ 'ਗਰੀਬੀ ਹਟਾਓ' ਦੇ ਪਖੰਡ ਹੇਠ ਦੁਬਾਰਾ ਜ਼ਮੀਨੀ ਸੁਧਾਰਾਂ (ਖ਼ਾਸ ਕਰ ਜ਼ਮੀਨ ਦੀ ਨਵੀਂ ਹੱਦਬੰਦੀ ਰਾਹੀਂ) ਤੇ ਸਰਮਾਏਦਾਰ ਕਿਸਾਨੀ 'ਤੇ ਆਮਦਨ ਟੈਕਸ ਲਾਉਣ ਦੇ ਐਲਾਨਾਂ ਰਾਹੀਂ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਗਈ । ਪਰ ਕੇਂਦਰ ਦੀ ਸਨਅਤੀ ਸਰਮਾਏਦਾਰੀ ਦੀਆਂ ਅਜਿਹੀਆਂ ਕੋਸ਼ਿਸ਼ਾਂ ਨੂੰ ਵੀ ਸੂਬਾਈ ਸਰਕਾਰਾਂ 'ਤੇ ਭਾਰੂ ਇਸ ਦੀ ਚਚੇਰੀ ਕਿਸਾਨ ਸਰਮਾਏਦਾਰੀ ਨੇ ਨਾਕਾਮ ਕਰ ਦਿਤਾ । ਕੇਂਦਰੀ ਕਾਂਗਰਸ ਸਰਕਾਰ ਨੇ ਰਾਜਾਂ 'ਚ ਆਪਣੀ ਮਨ ਮਰਜ਼ੀ ਦੇ ਮੁਖ ਮੰਤਰੀ (ਇੰਦਰਾ ਦੇ ਕਾਂਗਰਸੀ ਸੂਬੇਦਾਰ) ਥਾਪ ਕੇ, ਕਿਸਾਨ ਸਰਮਾਏਦਾਰੀ ਦੇ ਪ੍ਰਭਾਵ ਨੂੰ ਸੂਬਾਈ ਪਧਰ 'ਤੇ ਕਾਂਗਰਸ ਪਾਰਟੀ 'ਚੋਂ ਹੌਲਿਆ ਕਰਨਾ ਚਾਹਿਆ । ਪਰ ਸਰਮਾਏਦਾਰ ਆਰਥਕਤਾ 'ਚ ਵਧਦੇ ਆਰਥਕ ਸੰਕਟਾਂ ਕਰਕੇ ਬਣੇ ਸਿਆਸੀ ਹਾਲਾਤਾਂ 'ਚ, ਜ਼ਮੀਨ ਦੀ ਨਵੀਂ ਹੱਦਬੰਦੀ ਅਤੇ ਸਰਮਾਏਦਾਰ ਕਿਸਾਨੀ 'ਤੇ ਆਮਦਨ ਟੈਕਸ ਦੀ ਗੱਲ ਇਕ ਕਦਮ ਵੀ ਅਗੇ ਨਾ ਵਧ ਸਕੀ ।

ਸੂਬਾਈ ਸਿਆਸਤ 'ਤੇ ਭਾਰੂ ਕਾਂਗਰਸ ਪਾਰਟੀ ਵਿਚ ਅਤੇ ਵਿਰੋਧੀ (ਬੁਰਜੂਆ) ਪਾਰਟੀਆਂ 'ਚ ਕਿਸਾਨ ਸਰਮਾਏਦਾਰੀ / ਵੱਡੀ ਕਿਸਾਨੀ ਦਾ ਅਸਰ ਰਸੂਖ ਸੀ । ਇਸ ਗੱਲ ਦਾ ਅੰਦਾਜ਼ਾ ਇਸ ਗੱਲੋਂ ਵੀ ਲਗਾਇਆ ਜਾ ਸਕਦਾ ਹੈ ਕਿ 1972 'ਚ ਪੰਜਾਬ 'ਚ ਹੁਕਮਰਾਨ ਕਾਂਗਰਸ ਪਾਰਟੀ ਦੇ 70 ਫ਼ੀ ਸਦੀ ਅਤੇ ਹਰਿਆਣਾ 'ਚ 60 ਫ਼ੀ ਸਦੀ ਅਸੈਂਬਲੀ ਮੈਂਬਰ ਅਮੀਰ / ਸਰਮਾਏਦਾਰ ਕਿਸਾਨੀ 'ਚੋਂ ਸਨ । ਹੋਰ ਵਿਰੋਧੀ ਬੁਰਜੂਆ ਸੂਬਾਈ ਪਾਰਟੀਆਂ (ਪੰਜਾਬ 'ਚ ਅਕਾਲੀ ਦਲ, ਤਾਮਲਨਾਡੂ 'ਚ ਡੀ. ਐਮ. ਕੇ , ਯੂ. ਪੀ. 'ਚ ਭਾਰਤੀਏ ਲੋਕ ਦਲ ਆਦਿ) ਦੀ ਤਾਂ ਗੱਲ ਹੀ ਛੱਡੋ, ਪੰਜਾਬ 'ਚ ਸੀ. ਪੀ. ਆਈ. ਅਤੇ ਸੀ. ਪੀ. ਆਈ. ਐਮ. (ਇਕ ਸੱਜੀ ਤੇ ਦੂਜੀ ਰਤਾ ਕੁ ਖੱਬੀ 'ਕਮਿਊਨਿਸਟ' ਪਾਰਟੀ) 'ਚ ਵੀ ਲੀਡਰਸ਼ਿਪ 'ਤੇ ਭਾਰੂ ਅਨਸਰ ਖਾਂਦੇ ਪੀਂਦੇ, ਅਸਰ-ਰਸੂਖ ਵਾਲੇ ਕਿਸਾਨ ਹੀ ਹਨ । ਸਿਆਸੀ ਪਾਰਟੀਆਂ ਦੇ ਨਾਲ ਨਾਲ ਸਟੇਟ ਦੀ ਅਫ਼ਸਰਸ਼ਾਹੀ 'ਚ ਵੀ ਅਮੀਰ / ਸਰਮਾਏਦਾਰ ਕਿਸਾਨੀ ਦਾ ਅਸਰ ਰਸੂਖ / ਕਾਬੂ ਹੋਣ ਕਰਕੇ, ਇਸ ਅਫ਼ਸਰਸ਼ਾਹੀ ਨੇ (ਦਫ਼ਤਰਾਂ, ਕਚਹਿਰੀਆਂ, ਠਾਣਿਆਂ ਰਾਹੀਂ) ਇਸ ਆਰਥਕ ਤੌਰ 'ਤੇ ਤਾਕਤਵਰ ਪੇਂਡੂ ਜਮਾਤ ਦੀ ਸਮਾਜਕ-ਸਿਆਸੀ ਚੜ੍ਹਤ ਬਣਾਈ ਰਖਣ 'ਚ ਹਿੱਸਾ ਪਾਇਆ ਹੈ ।

ਇਵੇਂ ਪੈਦਾਵਾਰ ਦੇ ਸਾਧਨਾਂ ਦੀ ਮੁਢਲੀ ਅਣਸਾਵੀਂ ਜਮਾਤੀ ਵੰਡ ਕਰਕੇ ਅਤੇ ਸਰਮਾਏਦਾਰ ਸਟੇਟ ਦੀਆਂ ਪੇਂਡੂ-ਆਰਥਕਤਾ ਤੇ ਸਮਾਜ ਦੇ ਵਿਕਾਸ ਲਈ ਅਪਣਾਈਆਂ ਨੀਤੀਆਂ ਕਰਕੇ ਪੇਂਡੂ ਗਰੀਬਾਂ ਦੀ ਹੁੰਦੀ ਲੁੱਟ-ਖਸੁੱਟ ਅਤੇ ਪੇਂਡੂ ਸਮਾਜ 'ਚ ਜਮਾਤੀ ਪਾੜੇ 'ਗਰੀਬੀ ਹਟਾਓ' ਦੇ ਸਾਰੇ ਰੌਲੇ ਰੱਪੇ 'ਚ ਵਧਦੇ ਹੀ ਗਏ ।

ਇੰਦਰਾ ਕਾਂਗਰਸ ਨੇ ਮਾਰਚ 1971 ਦੇ ਚੋਣ ਮੈਨੀਫੈਸਟੋ 'ਚ ਅਨੁਸੂਚਿਤ ਜ਼ਾਤੀਆਂ ਤੇ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਵਿਦਿਆ, ਰੁਜ਼ਗਾਰ ਤੇ ਹੋਰ ਆਰਥਕ ਭਲਾਈ ਦੇ ਕੰਮਾਂ ਰਾਹੀਂ ਗਰੀਬੀ ਹਟਾਉਣ ਦਾ ਐਲਾਨ ਕੀਤਾ । ਪਰ ਸੰਵਿਧਾਨ ਦੁਵਾਰਾ ਕਾਗਜ਼ੀ-ਪੱਤਰੀਂ ਮਿਲੀਆਂ ਸਹੂਲਤਾਂ ਦੀ ਤਰ੍ਹਾਂ ਇਸ ਨਵੇਂ ਵਾਹਦੇ ਨੇ ਵੀ ਸਮਾਜਕ ਤੇ ਆਰਥਕ-ਕਰੋਪੀ-ਮਾਰੇ ਲੋਕਾਂ ਦਾ ਕੁਝ ਨਾ ਸੰਵਾਰਿਆ । ਇਕ ਰਿਪੋਰਟ ਅਨੁਸਾਰ 1972 'ਚ 8 ਕਰੋੜ ਹਰੀਜਨਾਂ ਤੇ 4 ਕਰੋੜ ਕਬਾਇਲੀ ਵਸੋਂ ਦੀ ਆਰਥਕ ਹਾਲਤ ਪਿਛਲੇ ਸਾਰੇ 'ਯੋਜਨਾਬੱਧ ਵਿਕਾਸ' ਦੌਰਾਨ ਲਗਾਤਾਰ ਨਿਘਰਦੀ ਗਈ । ਇਹ ਆਰਥਕ ਪੱਖੋਂ ਲੁਟੇ ਜਾਂਦੇ ਲੋਕ, ਸਮਾਜਕ ਪੱਖੋਂ 'ਉਚੀਆਂ' ਜਾਤਾਂ ਤੇ ਹੁਕਮਰਾਨ ਜਮਾਤਾਂ ਦੇ ਸਮਾਜ-ਸਿਆਸੀ ਤਸ਼ੱਦਦ ਅਤੇ ਹਾਕਮ ਸਰਮਾਏਦਾਰੀ ਦੀ ਸੇਵਾ 'ਚ ਲਗੀ ਅਫ਼ਸਰ-ਸ਼ਾਹੀ ਦੀ ਲਾਪਰਵਾਹੀ ਤੇ ਕਰੋਪੀ ਦਾ ਸ਼ਿਕਾਰ ਵੀ ਹਨ ।

ਆਪਣੀ ਲੁਟ ਨੂੰ ਖ਼ਤਮ ਕਰਨ ਲਈ, ਆਪਣੀ ਅਜੋਕੀ ਚੇਤੰਨਤਾ ਮੁਤਾਬਕ, ਇਹਨਾਂ ਲੋਕਾਂ ਦੇ ਸਥਾਨਕ ਜਿਹੇ ਘੋਲਾਂ ਨੂੰ ਹੁਕਮਰਾਨ ਬੜੀ ਬੇਰਹਿਮੀ ਭਰੇ ਅਣਮਨੁਖੀ ਤਸ਼ੱਦਦ ਨਾਲ ਦਬਾ ਦਿੰਦੇ ਰਹੇ (ਅੱਧੀ ਸਦੀ ਤੋਂ ਵਧ ਦੇ ਆਪਣੇ ਇਤਿਹਾਸ ਵਿਚ ਵੀ ਭਾਰਤ ਦੀ ਖੱਬੀ ਸਿਆਸਤ ਦੀ ਅਸਰਦਾਰ ਤਰੀਕੇ ਨਾਲ ਰਸਾਈ ਇਸ ਵਖਤਾਂ-ਮਾਰੀ ਜਨਤਾ ਤਕ ਨਹੀਂ ਹੋ ਸਕੀ) । ਪਰ ਫਿਰ ਵੀ ਇਹਨਾ 'ਚੋਂ ਕਬਾਇਲੀਆਂ ਦੇ ਕੀਤੇ ਸੰਘਰਸ਼ਾਂ ਦਾ ਇਤਿਹਾਸ ਬਹੁਤ ਲੰਮਾ ਹੈ । ਨਕਸਲਵਾੜੀ ਅੰਦੋਲਨ ਸਮੇਂ ਸਿਰਕਾਕੁਲਮ ਜ਼ਿਲ੍ਹੇ ਦੇ ਗਿਰੀਜਨ ਕਬੀਲੇ ਦੀ ਬਗਾਵਤ ਇਸ ਕਬੀਲੇ ਦੇ ਇਤਿਹਾਸ ਵਿਚ 1770 ਤੋਂ ਬਾਅਦ 100ਵੀਂ ਬਗ਼ਾਵਤ ਸੀ ।

ਸਰਮਾਏਦਾਰ ਸਟੇਟ ਵਲੋਂ ਇਹ ਕਹਿਣਾ ਕਿ ਇਹਨਾਂ ਗਰੀਬਾਂ ਦੇ, ਖ਼ਾਸ ਕਰ ਕਬਾਇਲੀ ਵਸੋਂ ਦੇ ਬਾਰ ਬਾਰ ਬਗਾਵਤ ਕਰਨ ਕਰਕੇ ਹੀ ਇਹਨਾਂ ਦੀ ਗਰੀਬੀ ਨਹੀਂ ਹੱਟਦੀ ਜਾਂ ਇਹਨਾਂ 'ਤੇ ਤਸ਼ੱਦਦ ਹੁੰਦਾ ਹੈ, ਗ਼ਲਤ ਹੈ । ਅਸਲ 'ਚ ਅਜਿਹੀਆਂ ਸਫ਼ਲ ਬਗਾਵਤਾਂ ਦੀ ਘਾਟ ਕਰਕੇ ਹੀ ਇਹ ਲਿਤਾੜੇ ਲੋਕ ਅਮੀਰ ਜਮਾਤਾਂ ਦੁਵਾਰਾਂ ਆਰਥਕ ਲੁਟ, 'ਉਚੀਆਂ' ਜਾਤਾਂ ਦੀ ਸਮਾਜਕ ਅਣਗਹਿਲੀ ਤੇ ਬੇਰੁਖ਼ੀ ਅਤੇ ਭਾਰਤ ਦੀ ਸਰਮਾਏਦਾਰ ਸਟੇਟ ਦੇ ਸਿਆਸੀ ਤਸ਼ੱਦਦ ਦਾ ਸ਼ਿਕਾਰ ਹਨ ।

ਕਾਂਗਰਸ ਦੇ ਮਾਰਚ 1971 ਦੇ ਚੋਣ ਮੈਨੀਫੈਸਟੋ 'ਚ ਇਹ ਵਿਸ਼ਵਾਸ ਦਿਵਾਇਆ ਗਿਆ ਕਿ ਕਾਂਗਰਸ ਪਾਰਟੀ ਆਰਥਕ ਤਾਕਤ ਅਤੇ ਦੌਲਤ ਦੇ ਕੁਝ ਕੁ ਹੱਥਾਂ 'ਚ ਇਕੱਠੇ ਹੋਣ ਦੇ ਵਿਰੁਧ ਹੈ ਕਿਉਂਕਿ ਇਹ ਗੱਲ 'ਡੈਮੋਕਰੇਸੀ' ਤੇ 'ਸਮਾਜਕ ਇਨਸਾਫ਼' ਦੇ ਖ਼ਿਲਾਫ਼ ਹੈ । ਪਰ ਅਸਲੀਅਤ ਤਾਂ ਇਹ ਹੈ ਕਿ ਇਸ ਤੋਂ ਪਹਿਲਾਂ ਵੀ ਤੇ ਬਾਅਦ 'ਚ ਵੀ ਪੈਦਾਵਾਰ ਦੇ ਸਾਧਨਾਂ ਦੀ ਅਜਾਰਾਦਾਰੀ ਕੁਝ ਕੁ ਜਮਾਤਾਂ—ਸਨਅਤੀ, ਕਿਸਾਨ ਤੇ ਵਪਾਰਕ ਸਰਮਾਏਦਾਰੀ—ਪਾਸ ਲਗਾਤਾਰ ਵਧਦੀ ਰਹੀ । ਰਾਜ ਸਭਾ 'ਚ ਅਗਸਤ 22, 1972 ਨੂੰ ਦਸੇ ਸਰਕਾਰੀ ਅੰਕੜਿਆਂ ਮੁਤਾਬਕ ਵੀ 1966-67 ਤੋਂ 1969-70 ਦੇ ਤਿੰਨ ਸਾਲਾਂ 'ਚ ਭਾਰਤ ਦੇ ਵੱਡੇ ਸਨਅਤੀ ਅਜਾਰਾਦਾਰਾਂ (ਟਾਟਾ, ਬਿਰਲਾ, ਮਾਰਟਨ ਬਰਨ, ਮਫ਼ਤਲਾਲ, ਸ੍ਰੀਰਾਮ, ਵਾਲਚੰਦ ਆਦਿ) ਦੀ ਦੌਲਤ 'ਚ 30 ਤੋਂ 70 ਫ਼ੀ ਸਦੀ ਦਾ ਵਾਧਾ ਹੋਇਆ । ਹਾਲਾਂਕਿ ਕਾਂਗਰਸ ਸਰਕਾਰ ਦਾ 'ਅਜਾਰਾਦਾਰੀ ਵਿਰੁਧ ਕਮਿਸ਼ਨ' ਇਹਨਾਂ



ਸਨਅਤਕਾਰਾਂ ਦੇ ਕਾਰੋਬਾਰ 'ਤੇ ਸਰਕਾਰ ਦੇ ਕਹਿਣ ਮੁਤਾਬਕ 'ਕਰੜੀ ਨਜ਼ਰ' ਰਖਦਾ ਰਿਹਾ ।

ਇੰਦਰਾ ਗਾਂਧੀ ਦੀ ਕਾਂਗਰਸ ਉਪਰ ਮੁਕਬਲ ਸਰਦਾਰੀ (ਜੋ ਉਸ ਦੇ ਪੁਰਾਣੇ ਕਾਂਗਰਸੀਆਂ ਨਾਲ ਵਿਗਾੜ ਕਰਕੇ 1969 ਦੀ ਕਾਂਗਰਸ ਫੁਟ ਬਾਅਦ ਕਾਇਮ ਹੋਈ) ਦੇ ਪਿਛੋਂ ਅਤੇ ਸੀ. ਪੀ. ਆਈ. ਦੇ ਇੰਦਰਾ ਕਾਂਗਰਸ ਨਾਲ ਗਠਜੋੜ ('ਅੰਦਰ ਜਫੀਆਂ ਬਾਹਰ ਜੰਗ') ਦੇ ਸਮੇਂ ਤੋਂ ਬਾਅਦ ਇਹਨਾਂ ਵੱਡੇ ਅਜਾਰਾਦਾਰਾਂ ਦੀ ਆਮਦਨ ਪਹਿਲੇ ਸਾਲਾਂ ਤੋਂ ਵੀ ਤੇਜ਼ੀ ਨਾਲ ਵਧੀ । ਪਹਿਲੇ ਸਾਲ ਦੇ ਮੁਕਾਬਲੇ 'ਚ 1966-67 'ਚ ਇਹ ਵਾਧਾ 11 ਫ਼ੀ ਸਦੀ, ਜਦ ਕਿ 1969-70 ਤੋਂ 1970-71 ਤਕ ਦੇ ਇਕ ਸਾਲ 'ਚ ਇਹ ਵਾਧਾ ਵਧ ਕੇ 50 ਫ਼ੀ ਸਦੀ ਹੋ ਗਿਆ ।

ਇੰਦਰਾ ਸਰਕਾਰ ਨੇ 1971 ਦੀਆਂ ਲੋਕ ਸਭਾ ਦੀਆਂ ਚੋਣਾਂ ਦੇ 'ਗਰੀਬੀ ਹਟਾਓ' ਦੇ ਨਾਹਰੇ ਤੋਂ ਪਹਿਲਾਂ ਦੇ ਪੰਜ ਸਾਲਾਂ 'ਚ ਸਨਅਤੀ ਸਰਮਾਏਦਾਰਾਂ ਨੂੰ ਟੈਕਸਾਂ ਵਿਚ ਸਨਅਤੀ ਲੈਸੰਸਾਂ ਰਾਹੀਂ ਭਾਰੀਆਂ ਰਿਆਇਤਾਂ ਦਿਤੀਆਂ ਤੇ ਸਨਅਤਕਾਰਾਂ ਦੀ ਮਜ਼ਦੂਰ-ਵਿਰੋਧੀ ਨੀਤੀ ਦਾ ਭਰਪੂਰ ਸਮਰਥਨ ਵੀ ਕੀਤਾ । ਰਿਜ਼ਰਵ ਬੈਂਕ ਦੇ ਜੁਲਾਈ 1972 ਦੇ ਬੁਲਿਟਨ ਮੁਤਾਬਕ ਇਸ ਸਮੇਂ 'ਚ ਵੱਡੀਆਂ ਕੰਪਨੀਆਂ ਦੁਵਾਰਾ ਖ਼ਰੀਦੇ ਸਮਾਨ ਤੇ ਮਸ਼ੀਨਰੀ ਉਪਰ ਟੈਕਸ ਦੀਆਂ ਛੋਟਾਂ ਦਿਤੀਆਂ ਗਈਆਂ । ਚਹੇਤੀਆਂ ਸਨਅਤਾਂ ਨੂੰ ਤਾਂ ਸਾਜ਼ੋਸਮਾਨ ਦੀ ਖਰੀਦ ਕਰਨ ਅਤੇ ਜਿਨਸਾਂ ਪੈਦਾ ਕਰਨ ਲਈ ਟੈਕਸਾਂ ਤੋਂ ਪੂਰੀ ਛੁਟੀ ਵੀ ਮਿਲੀ ਰਹੀ । ਨਵੀਆਂ ਕੰਪਨੀਆਂ (ਜੋ ਅਕਸਰ ਵੱਡੀਆਂ ਅਜਾਰੇਦਾਰ ਸਨਅਤਾਂ ਦੀਆਂ ਬਰਾਂਚਾਂ ਹੀ ਹੁੰਦੀਆਂ ਹਨ) ਨੂੰ ਖਰਚੇ ਸਰਮਾਏ ਦੇ ਆਧਾਰ 'ਤੇ 6 ਫ਼ੀ ਸਦੀ ਟੈਕਸ ਦੀ ਰਿਆਇਤ ਮਿਲੀ । ਵੱਡੀਆਂ ਕੰਪਨੀਆਂ ਉਪਰ ਟੈਕਸਾਂ ਦੀ ਦਰ (40 ਫ਼ੀ ਸਦੀ) ਛੋਟੀਆਂ ਕੰਪਨੀਆਂ ਦੇ ਮੁਕਾਬਲੇ (ਜੋ 60 ਫ਼ੀ ਸਦੀ ਸੀ) ਘਟਾ ਦਿਤੀ ਗਈ ।

ਇਹ ਸਹੂਲਤਾਂ ਦਿਤੀਆਂ ਤਾਂ ਇਸ ਬਹਾਨੇ ਗਈਆਂ ਕਿ ਵੱਡੇ ਕਾਰਖਾਨੇਦਾਰ ਸਨਅਤ ਦੀ ਪੈਦਾਵਾਰ ਤੇਜ਼ੀ ਨਾਲ ਵਧਾਉਣਗੇ । ਹੋਇਆ ਇਹ ਕਿ ਸਨਅਤੀ ਪੈਦਾਵਾਰ ਤਾਂ ਘਟ ਤੇਜ਼ੀ ਨਾਲ ਵਧੀ, ਪਰ ਸਨਅਤੀ ਜਿਨਸਾਂ ਦੀਆਂ ਕੀਮਤਾਂ ਅਤੇ ਅਜਾਰੇਦਾਰ ਸਨਅਤਕਾਰਾਂ ਦੇ ਲਾਭਾਂ 'ਚ ਤੇਜ਼ੀ ਨਾਲ ਵਾਧਾ ਹੋਇਆ । ਰਿਜ਼ਰਵ ਬੈਂਕ ਦੇ ਜੁਲਾਈ 1972 ਦੇ ਬੁਲਿਟਨ ਅਨੁਸਾਰ ਹੀ 1965-66 ਤੋਂ 1970-71 'ਚ ਸਨਅਤੀ ਪੈਦਾਵਾਰ 'ਚ ਸਿਰਫ਼ 18 ਫ਼ੀ ਸਦੀ ਦਾ ਵਾਧਾ ਹੋਇਆ ਪਰ ਮੁਲਕ ਦੀਆਂ 290 ਵੱਡੀਆਂ ਕੰਪਨੀਆਂ ਦੁਵਾਰਾ ਵੇਚੀਆਂ ਜਿਨਸਾਂ ਦੇ ਮੁਲਾਂ 'ਚ 71 ਫ਼ੀ ਸਦੀ ਦਾ ਵਾਧਾ ਹੋਇਆ । ਇਹਨਾਂ ਕੰਪਨੀਆਂ ਦੀ ਪੈਦਾਵਾਰ ਘਟ ਵਧੀ, ਪਰ ਲਾਭ ਤੇਜ਼ੀ ਨਾਲ ਵਧੇ ਅਤੇ ਇਹਨਾਂ ਨੇ ਥੋਕ ਕੀਮਤਾਂ 'ਚ ਹੋਏ 31 ਫ਼ੀ ਸਦੀ ਵਾਧੇ ਤੋਂ ਵੀ ਮੁਨਾਫ਼ੇ ਕਮਾਏ । ਇਵੇਂ ਇੰਦਰਾ ਕਾਂਗਰਸ ਦੇ 'ਸਮਾਜਵਾਦੀ' ਭਾਰਤ 'ਚ ਵੱਡੇ ਅਜਾਰੇਦਾਰ ਸਰਮਾਏਦਾਰਾਂ ਨੂੰ ਚੋਭ ਤਾਂ ਕੀ ਆਉਣੀ ਸੀ, ਸਗੋਂ ਇਹ ਹੋਰ ਮਾਲਾ ਮਾਲ ਹੁੰਦੇ ਗਏ । (ਚਲਦਾ)

---

**● ਮਾਂ ਬੋਲੀ ਪੰਜਾਬੀ : ਅਜੋਕੀ ਸਥਿਤੀ ਤੇ ਸਮਸਿਆਵਾਂ**

ਪੰਜਾਬ ਵਿਚ ਆਟਾ ਪੰਜਾਬੀ ਦਾ ਚਲਣਾ ਹੈ ਜਾਂ ਸੰਸਕ੍ਰਿਤਾਈ ਹਿੰਦੀ ਦਾ ? ਪੰਜਾਬੀ ਜ਼ਬਾਨ ਦਾ ਵਿਗਾੜ ਕਦੋਂ ਤੇ ਕਿਉਂ ਸ਼ੁਰੂ ਹੋਇਆ ? ਪੰਜਾਬੀ ਲਈ ਨਵੀਂ ਸ਼ਬਦਾਵਲੀ ਕਿਥੋਂ ਆਵੇ ? ਪਾਠ ਪੁਸਤਕਾਂ ਦੀ ਸਮੱਸਿਆ ਕਿਵੇਂ ਹਲ ਕੀਤੀ ਜਾਵੇ ? ਪੰਜਾਬ ਵਿਚ ਤਾਲੀਮ ਦਾ ਮਾਧਿਅਮ ਕੀ ਹੋਵੇ ? ਅੰਗਰੇਜ਼ੀ ਦਾ ਰੋਲ ਕੀ ਹੈ ?...ਇਹਨਾਂ ਅਤੇ ਅਜਿਹੇ ਸੁਆਲਾਂ ਦੇ ਜੁਆਬਾਂ ਲਈ ਇਹ ਪੁਸਤਕ ਪੜ੍ਹੋ । ਸਫ਼ੇ 208, ਸੁਹਣੀ ਦਿੱਖ, ਪੱਕੀ ਜਿਲਦ, ਮੁਲ : ਦਸ ਰੁਪੈ ।

ਬਿੰਦੂ

## ਖੱਬੀਆਂ ਪਾਰਟੀਆਂ ਦੀ ਸਥਿਤੀ

ਪਿਛਲੇ ਪੰਜਾਂ ਕੁ ਸਾਲਾਂ ਵਿਚ ਭਾਰਤ ਦੇ ਰਾਜਨੀਤਕ ਖੇਤਰ ਵਿਚ ਕੁਝ ਏਨੀਆਂ ਅਹਿਮ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਨੇ ਨ ਕੇਵਲ ਰਾਜਨੀਤਕ ਸਥਿਤੀ ਵਿਚ ਸਿਫ਼ਤੀ ਤਬਦੀਲੀ ਲੈ ਆਂਦੀ ਹੈ ਬਲਕਿ ਸਮਾਜਕ-ਰਾਜਨੀਤਕ ਇਨਕਲਾਬ ਦੇ ਰਾਹ ਦੀਆਂ ਕਈ ਵਿਚਾਰਧਾਰਕ ਅਤੇ ਦਾਅ-ਪੇਚ ਦੀਆਂ ਸਮਸਿਆਵਾਂ ਨੂੰ ਏਨਾ ਸਾਫ ਕਰ ਦਿਤਾ ਹੈ ਕਿ ਇਹਨਾਂ ਬਾਰੇ ਚਲੀ ਆ ਰਹੀ ਵਾਲ-ਦੀ-ਖੱਲ-ਉਤਾਰਨ ਵਾਲੀ ਅਸਪਸ਼ਟ ਬਹਿਸ ਲਈ ਹੁਣ ਕੋਈ ਜਗਾਹ ਬਾਕੀ ਨਹੀਂ ਰਹੀ। ਸਟੇਟ ਦੇ ਸੁਭਾਅ, ਇਨਕਲਾਬ ਦੀ ਸਟੇਜ, ਅਤੇ ਦਾਅ-ਪੇਚ ਆਦਿ ਬਾਰੇ ਸਾਰੀਆਂ ਖੱਬੀਆਂ ਪਾਰਟੀਆ ਦੇ ਨਜ਼ਰੀਏ, ਜੇ ਮੂਲੋਂ ਹੀ ਗਲਤ ਸਾਬਤ ਹੋਏ ਨ ਵੀ ਮੰਨੀਏ ਤਾਂ ਵੀ ਸਪਸ਼ਟ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਵਾਪਰੀ ਰਾਜਨੀਤਕ ਤਬਦੀਲੀ ਦੇ ਮੇਚ ਨਹੀਂ ਉਤਰੇ। ਰਾਜਨੀਤਕ ਸਥਿਤੀ ਵਿਚਲੀ ਤਬਦੀਲੀ ਨੇ ਕੁਝ ਇਕ ਮਸਲੇ ਏਨੇ ਚੰਗੀ ਤਰ੍ਹਾਂ ਸਾਫ ਕਰ ਦਿਤੇ ਹਨ ਕਿ ਫ਼ੌਰੀ ਜ਼ਰੂਰਤ ਕੇਵਲ ਖੱਬੇ ਇਨਕਲਾਬੀ ਰਾਹ 'ਤੇ ਠੋਸ ਕਦਮ ਚੁਕਣ ਦੀ ਹੀ ਰਹਿ ਗਈ ਹੈ। ਕੁਲ ਮਿਲਾ ਕੇ ਅੰਤਮ ਰੂਪ ਵਿਚ ਤਿੰਨਾਂ ਖੱਬੀਆਂ ਪਾਰਟੀਆਂ ਦੀ ਸਥਿਤੀ ਇਕੋ ਜਿਹੀ ਹੀ ਹੈ, ਜਿਸ ਤੋਂ ਹੀ ਕੁਝ ਸਾਂਝੀ ਸੇਧ ਬਾਰੇ ਗੱਲ ਨਿੱਤਰ ਕੇ ਸਾਹਮਣੇ ਆਉਂਦੀ ਹੈ। ਤਿੰਨਾਂ ਪਾਰਟੀਆਂ 'ਤੇ ਜੇ ਬਿਨਾਂ ਕਿਸੇ ਪੱਖਪਾਤ ਤੋਂ ਨਿਰੋਲ ਪਿਛਲੇ ਦੋ ਤਿੰਨ ਸਾਲਾਂ ਵਿਚ ਵਾਪਰੀਆਂ ਘਟਨਾਵਾਂ ਦੇ ਪਿਛੋਕੜ ਵਿਚ ਝਾਤ ਮਾਰੀਏ ਤਾਂ ਇਹਨਾਂ ਪਾਰਟੀਆਂ ਦੀ ਸਥਿਤੀ ਕੁਝ ਇਸ ਤਰ੍ਹਾਂ ਦੀ ਨਜ਼ਰ ਆਉਂਦੀ ਹੈ।

ਪਾਰਲੀਮੈਂਟ ਦੀਆਂ ਚੋਣਾਂ ਵਿਚ ਬੁਰੀ ਤਰ੍ਹਾਂ ਮਾਤ ਖਾ ਜਾਣ ਤੋਂ ਬਾਅਦ ਸੀ. ਪੀ. ਆਈ. ਨੇ ਆਪਣੇ ਇਕ ਮਤੇ ਵਿਚ ਇਹ ਮੰਨਿਆ ਕਿ ਰਾਜ ਕਰਦੀ ਬੁਰਜੁਆਜ਼ੀ ਦੇ ਇਕ ਹਿੱਸੇ ਵਲੋਂ ਲੋਕ-ਰਾਜੀ, ਅਗਾਂਹਵਧੂ ਤਾਕਤਾਂ ਅਤੇ ਪ੍ਰੋਗਰਾਮਾਂ 'ਤੇ ਹਮਲਾ ਕਰਨ ਦੀ ਗੱਲ ਨੂੰ ਉਹ ਪਹਿਲੋਂ ਭਾਂਪ ਨਹੀਂ ਸਕੀ। ਸਾਰਾ ਜ਼ੋਰ ਰਾਜਸੀ ਤਾਕਤ ਤੋਂ ਖ਼ਾਲੀ ਬੁਰਜੁਆਜ਼ੀ ਦੇ ਸੱਜ-ਪਿਛਾਖੜੀ ਖ਼ਤਰੇ ਨੂੰ ਟਾਲਣ ਅਤੇ ਉਸ ਵਿਰੁਧ ਹੀ ਲੜਾਈ ਵਿਚ ਲਗਾ ਦਿਤਾ ਗਿਆ। 'ਏਕੇ ਅਤੇ ਘੋਲ' ਵਿਚੋਂ ਕੇਵਲ ਏਕੇ 'ਤੇ ਹੀ ਜ਼ੋਰ ਦੇਣ ਕਾਰਨ ਸੀ. ਪੀ. ਆਈ. ਦੀ ਸੁਤੰਤਰ ਹੋਂਦ ਲੋਕਾਂ ਦੇ ਦਿਲਾਂ-ਦਿਮਾਗਾਂ ਤੋਂ ਪੂਰੀ ਤਰ੍ਹਾਂ ਮਿਟ ਗਈ। ਨਾਲ ਹੀ ਐਮਰਜੈਂਸੀ ਦੇ ਭੈੜੇ ਪੱਖਾਂ ਦੇ ਸਾਹਮਣੇ ਆਉਂਦਿਆਂ ਹੀ ਇਸ ਵਿਰੁਧ ਸੰਘਰਸ਼ ਕੀਤੇ ਜਾਣਾ ਜ਼ਰੂਰੀ ਸੀ। ਸੀ. ਪੀ. ਆਈ. ਦੇ ਸਮੁਚੇ ਵਿਚਾਰਧਾਰਕ ਦ੍ਰਿਸ਼ਟੀਕੋਣ ਬਾਰੇ, ਬਿਨਾਂ ਕਿੰਤੂ ਤੋਂ ਕੇਵਲ ਉਹਨਾਂ ਦੇ ਆਪਣੇ ਉਪਰੋਕਤ ਨਿਰਣਿਆਂ ਦੇ ਆਧਾਰ 'ਤੇ ਹੀ, ਕਿਸੇ



ਪੱਖਪਾਤ ਤੋਂ ਬਿਨਾਂ, ਇਹ ਸਿੱਟਾ ਕਢਿਆ ਜਾ ਸਕਦਾ ਹੈ ਕਿ ਉਹ ਭਾਰਤ ਦੇ ਆਰਥਕ-ਸਮਾਜਕ ਵਿਕਾਸ ਅਨੁਸਾਰ ਰਾਜਨੀਤਕ ਖੇਤਰ ਵਿਚਲੀਆਂ ਤਾਕਤਾਂ ਦੇ ਸੁਭਾਅ, ਉਹਨਾਂ ਦੇ ਬਦਲ ਰਹੇ ਤਵਾਜ਼ਨ ਅਤੇ ਉਹਨਾਂ ਦੇ ਰੁਖ਼ ਨੂੰ ਸਮਝਣ ਤੋਂ ਅਸਮਰਥ ਰਹੀ ਹੈ।

ਬੁਰਜੁਆਜ਼ੀ ਦੇ ਜਿਸ ਹਿੱਸੇ ਨੂੰ ਉਹ ਮੁਕਾਬਲਤਨ ਅਗਾਂਹਵਧੂ ਸਮਝ ਕੇ ਚੰਬੜੀ ਰਹੀ ਹੈ ਉਸ ਵਿਚ ਪਿਛਾਂਹ ਖਿਚੂ ਰੁਝਾਣ ਅਤੇ ਨਿਕਲਣ ਵਾਲੇ ਖ਼ਤਰਨਾਕ ਸਿੱਟਿਆਂ ਤੋਂ, ਜੇ ਇਹ ਮੰਨ ਵੀ ਲਿਆ ਜਾਵੇ ਕਿ ਉਹ ਅਣਜਾਣ ਨਹੀਂ ਸੀ, ਤਾਂ ਵੀ ਇਹ ਗੱਲ ਸਾਫ਼ ਹੈ ਕਿ ਇਨਕਲਾਬ ਦੇ ਰਾਹ 'ਤੇ ਉਹ ਸਮੇਂ ਸਿਰ ਸਹੀ ਕਦਮ ਚੁਕਣ ਵਿਚ ਪੂਰੀ ਤਰ੍ਹਾਂ ਫੇਲ੍ਹ ਹੋਈ ਹੈ। ਐਮਰਜੈਂਸੀ ਕਾਰਨ ਲੋਕਾਂ ਦੀ ਲੋਕ-ਰਾਜੀ ਚੇਤਨਤਾ ਅਤੇ ਉਹਨਾਂ ਦੀ ਆਜ਼ਾਦੀ, ਅਧਿਕਾਰਾਂ ਆਦਿ 'ਤੇ ਪਈ ਸੱਟ ਨੂੰ ਉਹ ਤਾੜ ਨਹੀਂ ਸਕੀ। ਸੱਤਾਧਾਰੀ ਪਾਰਟੀ ਵਾਂਗ ਉਹ ਇਸ ਦੇ ਫਾਇਦਿਆਂ ਨੂੰ ਹੀ ਪ੍ਰਚਾਰਦੀ ਰਹੀ ਹੈ। ਜਿਸ ਦਾ ਕਾਰਨ ਉਸ ਦੀ ਸਭ ਤੋਂ ਵੱਡੀ ਗ਼ਲਤੀ ਇਸ ਐਮਰਜੈਂਸੀ ਨੂੰ ਕਿਸੇ ਇਨਕਲਾਬੀ ਰਾਜਸੀ ਤਾਕਤ ਰਾਹੀਂ ਉਲਟ-ਇਨਕਲਾਬੀ ਤਾਕਤ ਉਤੇ ਲਾਈ ਗਈ ਸੱਟ ਸਮਝੀ ਰਖਣਾ ਸੀ। ਇਸੇ ਭੁਲੇਖੇ ਕਾਰਨ ਹੀ ਉਸ ਨੇ ਐਮਰਜੈਂਸੀ ਦੀ ਬਿਨਾਂ ਸ਼ਰਤ ਹਿਮਾਇਤ ਵੀ ਕੀਤੀ। ਫ਼ਾਸ਼ਿਸਟ ਅਤੇ ਸੱਜ-ਪਿਛਾਖੜ ਦੇ ਖ਼ਤਰੇ ਨੂੰ ਏਨਾ ਵਧਾ-ਚੜ੍ਹਾਕੇ ਪੇਸ਼ ਕੀਤਾ ਕਿ ਰਾਜਸੀ ਸੱਤਾਧਾਰੀ ਪਾਰਟੀ ਵਿਚਲੇ ਅਜਿਹੇ ਹੀ ਰੁਹਝਾਨਾ ਨੂੰ ਬਿਲਕੁਲ ਅਖੋਂ ਉਹਲੇ ਕਰ ਦਿਤਾ ਗਿਆ। ਅਜਿਹੀ ਗ਼ਲਤ ਸਮਝ ਕਾਰਨ ਹੀ ਸੱਤਾਧਾਰੀ ਪਾਰਟੀ ਦੀ ਬਦੇਸ਼ੀ ਨੀਤੀ ਅਤੇ ਘਰੇਲੂ ਅਗਾਂਹਵਧੂ ਕਦਮਾਂ ਦੀ ਮਹੱਤਾ ਨੂੰ ਏਨਾ ਵਧਾ ਚੜ੍ਹਾ ਕੇ ਵੇਖਿਆ ਗਿਆ ਕਿ ਇਸ ਦੇ ਪਰਦੇ ਪਿਛੇ ਖਲੋਤੇ ਖ਼ਤਰਿਆਂ ਨੂੰ ਅਖੋਂ-ਪਰੋਖੇ ਕੀਤਾ ਗਿਆ। ਇਵੇਂ ਹੀ ਸੱਤਾ-ਧਾਰੀ ਪਾਰਟੀ ਨਾਲ ਏਕੇ ਕਾਰਨ ਆਪਣੀ ਪਾਰਲੀਮੈਂਟਰੀ ਅਤੇ ਜਥੇਬੰਦਕ ਤਾਕਤ ਨੂੰ ਵੀ ਵਧਾ ਚੜ੍ਹਾ ਕੇ ਹੀ ਸਮਝਿਆ ਗਿਆ। ਖ਼ਾਲਸ ਵਿਚਾਰਧਾਰਕ ਮਸਲਿਆਂ ਦੀ ਆੜ ਵਿਚ ਸੀ. ਪੀ. ਆਈ. ਅਨੇਕਾਂ ਮਸਲਿਆਂ 'ਤੇ, ਲੋਕਾਂ ਨਾਲੋਂ ਬਹੁਤ ਪਿਛਾਂਹ ਰਹਿਣ ਦੇ ਨਾਲ ਨਾਲ, ਅਤਿ ਖੱਬੀ ਦ੍ਰਿਸ਼ਟੀ ਦਾ ਸ਼ਿਕਾਰ ਹੋ ਕੇ ਲੋਕਾਂ ਤੋਂ ਬਹੁਤ ਅਗੇ ਨਿਕਲਣ ਦੀ ਗ਼ਲਤੀ ਵੀ ਕਰਦੀ ਰਹੀ ਹੈ। ਗੱਲ ਭਾਵੇਂ ਅਜੀਬ ਪ੍ਰਤੀਤ ਹੁੰਦੀ ਹੈ ਪਰ ਅਮਲ ਵਿਚ ਅਨੇਕਾਂ ਵਾਰ ਇਵੇਂ ਹੋਇਆ ਹੈ। ਮਸਲਨ 42ਵੀਂ ਤਰਮੀਮ, ਜਿਸ ਤਾਕਤ ਰਾਹੀਂ ਅਤੇ ਜਿਸ ਤਰੀਕੇ ਰਾਹੀਂ ਕੀਤੀ ਗਈ ਉਸ ਨੂੰ ਆਮ ਜਨਤਾ ਨੇ ਸਵੀਕਾਰ ਨਹੀਂ ਕੀਤਾ। ਪਰ ਸੀ. ਪੀ. ਆਈ. ਲੋਕਾਂ ਦੀ ਚੇਤਨਤਾ ਦੀ ਪੱਧਰ ਅਤੇ ਉਹਨਾਂ ਦੇ ਜਜ਼ਬਿਆਂ ਦੇ ਅਨੁਕੂਲ ਉਤਰਨ ਦੀ ਥਾਂ ਵਿਧਾਨਕ ਤਰਮੀਮਾਂ ਦੀਆਂ ਲੋਕ-ਪੱਖੀ ਮੱਦਾਂ ਦਾ ਢੰਡੋਰਾ ਪਿੱਟਦੀ ਰਹੀ ਅਤੇ ਇਸ ਦੀ ਹਿਮਾਇਤ ਕੀਤੀ। ਇਵੇਂ ਹੀ ਅਸੰਬਲੀਆਂ ਤੋੜੇ ਜਾਣ ਦੇ ਮਸਲੇ 'ਤੇ ਵਿਧਾਨ ਅਤੇ ਨੈਤਿਕਤਾ ਦੀ ਉਲੰਘਣਾ ਕੀਤੇ ਜਾਣ ਨੂੰ ਪ੍ਰਮੁਖਤਾ ਦੇ ਕੇ ਲੋਕਾਂ ਦੇ ਸਹੀ ਜਜ਼ਬਾਤਾਂ ਨੂੰ ਇਕ ਪਾਸੇ ਛਡ ਦਿਤਾ।

ਬੁਰਜੁਆਜ਼ੀ ਦੇ ਇਕ ਹਿੱਸੇ ਨਾਲ ਆਪਣੇ ਆਪ ਨੂੰ ਇਕਮਿਕ ਕਰਨ ਅਤੇ ਉਸ ਉਤੇ ਨਿਰੋਲ 'ਕਾਂਗਰਸ' ਦੇ ਕਬਜ਼ੇ ਦੇ ਬਾਵਜੂਦ ਸੀ. ਪੀ. ਆਈ. ਨੂੰ ਕਾਂਗਰਸ ਨਾਲ ਸੂਬਿਆਂ ਦੀ ਚੋਣਾਂ ਵਿਚ ਸਮਝੌਤਾ ਕਰਨਾ ਪਿਆ। ਇਸ ਤੋਂ ਬਿਨਾਂ ਉਸ ਨੂੰ ਆਪਣੀ ਹੋਂਦ ਖ਼ਤਰੇ ਵਿਚ ਪੈਂਦੀ ਦਿਖਾਈ ਦੇਂਦੀ ਸੀ। ਇਸੇ ਸਮਝੌਤੇ ਕਾਰਨ ਹੀ ਉਸ ਨੂੰ ਕੁਝ ਸੂਬਿਆਂ ਵਿਚ ਪਾਰਲੀਮਾਨੀ ਚੋਣਾਂ ਦੇ ਮੁਕਾਬਲੇ 'ਤੇ ਬਹੁਤੀ ਮਾਰ ਨਹੀਂ ਪਈ। ਨਾ ਕਿ ਇਹ ਇਸ ਕਰਕੇ ਹੋਇਆ ਕਿ 'ਜਨਤਾ ਵੇਵ' ਕੁਝ ਮੱਠੀ ਪਈ ਹੈ। ਸਾਡਾ ਮਤਲਬ ਸੀ. ਪੀ. ਆਈ. ਦੇ ਵਿਚਾਰਧਾਰਕ ਪੈਂਤੜੇ ਦੇ ਡੂੰਘੇ ਵਿਸ਼ਲੇਸ਼ਣ ਦੀ ਆੜ ਵਿਚ ਫੋਕੀ ਬਹਿਸ ਵਿਚ ਪੈਣ ਦਾ ਨਹੀਂ। ਸਾਡੇ ਰਾਜਸੀ ਹਾਲਾਤ ਅਨੁਸਾਰ ਉਹ ਜਿਥੋਂ ਸਾਫ਼ ਤੌਰ 'ਤੇ ਪੂਰੀ ਨਹੀਂ ਉਤਰੀ ਕੇਵਲ ਉਹਨਾਂ ਨਿਰਵਿਵਾਦ ਨੁਕਤਿਆਂ ਦੇ ਆਧਾਰ 'ਤੇ ਸਿਰਫ਼ ਏਨਾ ਹੀ ਕਹਿਣਾ

ਹੈ ਕਿ ਉਸ ਦੀਆਂ ਚੰਗੀਆਂ-ਮੰਦੀਆਂ ਨੂੰ ਤੋਲਣ ਦੇ ਬਾਵਜੂਦ ਘਟੋ ਘਟ ਇੰਨਾ ਨਿਰਸੰਕੋਚ ਕਿਹਾ ਜਾ ਸਕਦਾ ਹੈ ਕਿ ਉਹ ਰਾਜਸੀ ਤਬਦੀਲੀ ਅਤੇ ਇਨਕਲਾਬ ਦੀ ਸਹੀ ਨਬਜ਼ ਉਤੇ ਉਂਗਲ ਰਖਣ ਤੋਂ ਅਸਮੱਰਥ ਰਹੀ ਹੈ।

ਹੁਣ ਸੀ. ਪੀ. ਐਮ. ਦੀ ਸਥਿਤੀ ਬਾਰੇ ਵੀ ਕੇਵਲ ਉਹਨਾਂ ਤੱਥਾਂ ਨੂੰ ਲਿਆ ਜਾ ਸਕਦਾ ਹੈ ਜਿਹੜੇ ਕਿਸੇ ਡੂੰਘੇ ਵਿਚਾਰਧਾਰਕ ਵਿਸ਼ਲੇਸ਼ਣ ਤੋਂ ਬਿਨਾਂ ਸਾਡੇ ਰਾਜਸੀ ਮਾਹੌਲ ਵਿਚ ਉਸ ਦੇ ਕਿਰਦਾਰ ਤੋਂ ਸਪਸ਼ਟ ਹੁੰਦੇ ਹਨ। ਕਾਂਗਰਸ ਦੀ ਰਾਜ-ਸੱਤਾ 'ਤੇ ਇਜ਼ਾਰੇਦਾਰੀ ਨੂੰ ਤੋੜਨ ਲਈ ਉਸ ਨੇ ਕਾਂਗਰਸ ਤੋਂ ਬਾਹਰ ਦੀ ਬੁਰਜੁਆਜ਼ੀ ਨਾਲ ਆਪਣੇ ਆਪ ਨੂੰ ਉਵੇਂ ਹੀ ਜੋੜ ਲਿਆ ਜਿਵੇਂ ਸੀ. ਪੀ. ਆਈ. ਕਾਂਗਰਸ ਨਾਲ ਜੁੜੀ ਸੀ। ਭਾਵੇਂ ਇਹ ਗੱਲ ਅਜੇ ਸੀ. ਪੀ: ਆਈ. ਵਾਲੀ ਏਕੇ ਦੀ ਸਥਿਤੀ ਤਕ ਨਹੀਂ ਪਹੁੰਚੀ, ਪ੍ਰੰਤੂ ਇਸ ਦਾ ਅੰਤਿਮ ਸਾਰ ਅਤੇ ਇਨਕਲਾਬੀ ਤਬਦੀਲੀ ਵਲ ਇਸ ਦਾ ਰੋਲ ਇਸ ਨੂੰ ਵੀ ਉਹੋ ਜਿਹਾ ਹੀ ਬਣਾ ਦੇਂਦਾ ਹੈ। ਕਾਂਗਰਸ ਦਾ ਬਦਲ ਜਨਤਾ ਪਾਰਟੀ, ਬਿਨਾਂ ਸ਼ਕ ਬੁਰਜੁਆਜ਼ੀ ਦੇ ਅਧਿਕ ਪਿਛਾਂਹ-ਖਿਚੂ ਖ਼ਤਰਨਾਕ ਹਿੱਸੇ ਦੀ ਸਰਦਾਰੀ ਹੇਠ ਹੈ। ਅਸੰਬਲੀ ਚੋਣਾਂ ਤੋਂ ਬਾਅਦ ਸੂਬਿਆਂ ਦੀਆਂ ਸਰਕਾਰਾਂ ਦੀ ਬਣਤਰ ਤੋਂ ਇਹ ਗੱਲ ਹੋਰ ਵੀ ਚੰਗੀ ਤਰ੍ਹਾਂ ਸਪਸ਼ਟ ਹੋ ਗਈ ਹੈ ਕਿ ਇਸ ਉਤੇ ਮੁਖ ਅਤੇ ਫੈਸਲਾਕੁਨ ਕੰਟਰੋਲ ਜਨਸੰਘ ਦਾ ਹੈ। ਇਹ ਸੋਚਣਾ ਕੇਵਲ ਖ਼ਾਬ ਹੀ ਹੋਵੇਗਾ ਕਿ ਰਾਜਸੀ ਸੱਤਾ ਹਥਿਆਉਣ ਤੋਂ ਬਾਅਦ ਜਿੰਨਾਂ ਰਾਜਸੀ ਸਥਿਰਤਾ ਦਾ ਸਮਾਂ ਰਹੇਗਾ ਉਸ ਵਿਚ ਜਨਸੰਘ ਸਮਾਜ ਅਤੇ ਰਾਜ ਦੀ ਹਰ ਪਰਤ ਵਿਚ ਆਪਣਾ ਆਧਾਰ ਕਾਇਮ ਕਰਨ ਤੋਂ ਅਵੇਸਲੀ ਰਹੇਗੀ। ਜਨਤਾ ਪਾਰਟੀ ਦੇ ਲੇਬਲ ਹੇਠ ਉਸ ਦੇ ਸਾਰੇ ਔਗੁਣ ਲੋਕਾਂ ਦੀ ਨਜ਼ਰਾਂ ਤੋਂ ਦੂਰ ਹੋ ਗਏ ਹਨ ਤੇ ਉਸ ਲਈ ਆਪਣਾ ਲੋਕ-ਆਧਾਰ ਵਧਾਉਣਾ ਅਤੇ ਪਕਿਆਂ ਕਰਨਾ ਸੌਖਾ ਹੋ ਗਿਆ ਹੈ। ਇਹ ਸਾਰੇ ਅਤਿ ਪਿਛਾਂਹ-ਖਿਚੂ ਅਨਸਰ ਤਾਕਤ ਹਥਿਆਉਣ ਅਤੇ ਰਾਜਸੀ ਸਥਿਰਤਾ ਪ੍ਰਾਪਤ ਕਰਨ ਦ ਅਰਸੇ ਵਿਚ ਤਾਂ ਅਗਾਂਹ-ਵਧੂ ਤਾਕਤਾਂ ਅਤੇ ਲੋਕ-ਰਾਜੀ ਕੀਮਤਾਂ ਵਲ ਆਪਣਾ ਰਵੱਈਆ ਦਿਖਾਵੇ-ਮਾਤਰ ਹਮਦਰਦੀ-ਭਰਿਆ ਹੀ ਰਖਣਗੇ ਪਰੰਤੂ ਇਹ ਗੱਲ ਯਾਦ ਰਖਣ ਵਾਲੀ ਹੈ ਕਿ ਜਦੋਂ ਇਸ ਅਨਸਰ ਦੇ ਹਥੋਂ ਰਾਜਸੀ ਸੱਤਾ ਖੁਸਣ ਲੱਗੀ ਤਾਂ ਇਹ ਕਾਂਗਰਸ ਤੋਂ ਕਈ ਗੁਣਾਂ ਭਿਅੰਕਰ ਰੂਪ ਧਾਰੇਗੀ ਤੇ ਮਜ਼ਬੂਤ ਖੱਬੇ ਬਦਲ ਤੋਂ ਬਿਨਾਂ ਇਸ ਦਾ ਟਾਕਰਾ ਕਰਨਾ ਅਸੰਭਵ ਹੋਵੇਗਾ।

ਸੀ. ਪੀ. ਐਮ. ਜ਼ਾਹਿਰਾ ਤੌਰ 'ਤੇ ਭਾਵੇਂ ਕਿੰਨਾ ਜ਼ੋਰ ਇਸ ਗੱਲ 'ਤੇ ਦੇਵੇ ਕਿ ਜਨਤਾ ਸਰਕਾਰ ਨੂੰ ਉਸ ਦੀ ਹਿਮਾਇਤ "ਬਾਸ਼ਰਤ" ਹੈ ਅਤੇ ਉਹ ਇਸ ਨਾਲ ਰਾਜਸੀ ਸੱਤਾ ਵਿਚ ਹਿੱਸੇਦਾਰ ਨਹੀਂ ਬਣੇਗੀ, ਪਰ ਜਨਤਾ ਪਾਰਟੀ ਨੂੰ ਉਸ ਦੀ ਏਨੀ ਹਿਮਾਇਤ ਵੀ ਸਪਸ਼ਟ ਤੌਰ 'ਤੇ ਦੋ ਗੱਲਾਂ ਨੂੰ ਸਾਹਮਣੇ ਲਿਆਏਗੀ। ਖੱਬੀ ਪਾਰਟੀ ਦੀ ਹਿਮਾਇਤ ਜਨਤਾ ਪਾਰਟੀ ਦੀ ਆਮ ਲੋਕਾਂ ਵਿਚ ਸਾਖ ਅਤੇ ਇਸ ਦਾ ਇਤਬਾਰ ਬਣਾਏਗੀ। ਦੂਸਰੇ, ਬੁਰਜੁਆਜ਼ੀ ਦੇ ਇਸ ਦੂਸਰੇ ਹਿੱਸੇ ਨੂੰ ਰਾਜਸੀ ਸੱਤਾ ਸਮੇਤ ਸਥਿਰਤਾ ਬਖ਼ਸ਼ਣ ਵਿਚ ਸਹਾਈ ਹੋਏਗੀ। ਇਹੋ ਦੋ ਮੁਖ ਗੱਲਾਂ ਕਾਂਗਰਸ ਨੂੰ ਸੀ. ਪੀ. ਆਈ. ਦੀ ਹਿਮਾਇਤ ਤੋਂ ਪ੍ਰਾਪਤ ਹੋਈਆਂ ਸਨ ਅਤੇ ਇਸ ਦਾ ਤੀਸਰਾ ਤੇ ਅਤਿ ਭਿਆਨਕ ਸਿੱਟਾ ਫਿਰ ਉਹੋ ਰਹੇਗਾ ਕਿ ਕਿਸੇ ਖੱਬੇ ਬਦਲ ਲਈ ਲੋਕਾਂ ਦੇ ਮਨਾਂ ਵਿਚ ਕੋਈ ਬਿੰਬ ਨਹੀਂ ਬਣਾਇਆ ਜਾ ਸਕੇਗਾ।

ਅਜਿਹੇ ਦ੍ਰਿਸ਼ਟੀਕੋਣ ਦਾ ਚੌਥਾ ਭੈੜਾ ਸਿੱਟਾ ਦੋ ਪਾਰਟੀ ਸਿਸਟਮ ਦੇ ਰੂਪ ਵਿਚ ਸਾਹਮਣੇ ਆਏਗਾ। ਦੋਵੇਂ ਖੱਬੀਆਂ ਪਾਰਟੀਆਂ ਇਸ ਗੱਲ ਦਾ ਸ਼ੋਰ ਗਲਾ ਫਾੜ ਕੇ ਪਾ ਰਹੀਆਂ ਹਨ ਕਿ ਭਾਰਤ ਵਿਚ ਦੋ ਪਾਰਟੀ ਸਿਸਟਮ ਦੇ ਸਥਾਪਤ ਹੋਣ ਨਾਲ ਸਾਮਰਾਜੀ ਦੇਸ਼ਾਂ ਵਾਂਗ ਇਨਕਲਾਬੀ ਤਬਦੀਲੀ ਲਈ ਭਿਆਨਕ ਸਿੱਟੇ ਨਿਕਲਣਗੇ, ਪਰ ਦੋਵੇਂ ਬੁਰਜੁਆਜ਼ੀ ਦੇ ਵਖ ਵਖ ਦੋ ਹਿੱਸਿਆਂ ਨੂੰ ਲੋਕਾਂ ਵਿਚ



ਮਾਨਤਾ ਦਿਲਾਉਣ ਅਤੇ ਰਾਜਸੀ ਸਥਿਰਤਾ ਦਿਵਾਕੇ ਉਹਨਾਂ ਨੂੰ ਲੋਕਾਂ ਵਿਚ ਆਪਣਾ ਆਧਾਰ ਬਣਾ ਲੈਣ ਦਾ ਮੌਕਾ ਦੇ ਰਹੀਆਂ ਹਨ। ਸੀ. ਪੀ. ਐਮ. ਦਾ ਇਹ ਵਿਸ਼ਵਾਸ ਵੀ ਕਿ ਕਾਂਗਰਸ ਨੂੰ ਬਿਲਕੁਲ ਖ਼ਤਮ ਕਰਨ ਅਤੇ ਨਾਗਰਿਕ ਆਜ਼ਾਦੀ ਬਹਾਲ ਕਰਾਉਣ ਲਈ ਜਨਤਾ ਪਾਰਟੀ ਦੀ ਇਸ ਵੱਲੋਂ ਹਿਮਾਇਤ ਸਹੀ ਹੈ, ਸੀ. ਪੀ. ਆਈ. ਦੇ ਕਾਂਗਰਸ ਪ੍ਰਤਿ ਰਵੱਈਏ ਦਾ ਹੀ ਬਦਲ ਹੈ, ਅਤੇ ਖ਼ਿਆਲੀ ਪੁਲਾਉ ਤੋਂ ਵਧ ਕੁਝ ਨਹੀਂ। ਕਾਂਗਰਸ ਦੀ ਮੌਤ ਜਨਤਾ ਪਾਰਟੀ ਦੇ ਰਾਜਸੀ ਪੈਂਤੜੇ 'ਤੇ ਨਿਰਭਰ ਕਰਦੀ ਹੈ। ਜੇ ਆਰਥਕ-ਸਮਾਜਕ ਖੇਤਰ ਵਿਚ ਇਸ ਤੋਂ ਕੋਈ ਸਿਫ਼ਤੀ ਤਬਦੀਲੀ ਨਾ ਲਿਆ ਹੋਈ, ਜਿਸ ਦੀ ਬਿਲਕੁਲ ਕੋਈ ਆਸ ਨਹੀਂ, ਤਾਂ ਲੋਕ ਫਿਰ ਕਿਸੇ ਹੋਰ ਬਦਲ ਨੂੰ ਚੁਣਨਗੇ ਅਤੇ ਸਮੁਚੇ ਭਾਰਤ ਦੇ ਪੱਧਰ 'ਤੇ ਇਹ ਬਦਲ ਖੱਬੀਆਂ ਪਾਰਟੀਆਂ ਤੋਂ ਬਿਨਾਂ, ਕਾਂਗਰਸ ਦਾ ਹੀ ਰਹੇਗਾ। ਜੇ ਖੱਬਾ ਬਦਲ ਲੋਕਾਂ ਦੇ ਸਾਹਮਣੇ ਨਾ ਹੋਇਆ ਤਾਂ ਮਜਬੂਰਨ ਲੋਕ ਕਾਂਗਰਸ ਨੂੰ ਫਿਰ ਬਦਲ ਦੇ ਤੌਰ 'ਤੇ ਅਪਣਾਉਣ ਲਈ ਮਜਬੂਰ ਹੋਣਗੇ। ਸਾਮਰਾਜੀ ਦੇਸਾਂ ਵਾਂਗ ਸਾਡੇ ਦੇਸ ਵਿਚ ਰਾਜਸੀ ਸੱਤਾ ਦੀ ਬਾਂਦਰ-ਵੰਡ ਬੁਰਜੁਆਜ਼ੀ ਦੇ ਦੋ ਧੜਿਆਂ ਵਿਚ ਲਟਕਦੀ ਰਹੇਗੀ।

ਸੀ. ਪੀ. ਐਮ. ਦੀ 'ਬਾਸ਼ਰਤ' ਹਿਮਾਇਤ ਅਤੇ ਰਾਜਸੀ ਸੱਤਾ ਵਿਚ ਹਿੱਸੇਦਾਰ ਨਾ ਬਣਨ ਦੀ ਗੱਲ ਵੀ ਆਪਣੀ ਅਦਿਸਦੀ ਤਹਿ ਵਿਚ ਸਰਾਸਰ ਨਿਰਮੂਲ ਹੈ। ਜਨਤਾ ਪਾਰਟੀ ਨਾਲ ਸਮਝੌਤੇ ਰਾਹੀਂ ਪਾਰਲੀਮੈਂਟ ਵਿਚ ਆਪਣੀਆਂ ਸੀਟਾਂ ਵਧਾ ਲੈਣ ਨਾਲ ਪਾਰਟੀ ਦੀ ਲਾਈਨ ਦਰੁਸਤ ਹੋਣ ਜਾਂ ਪਾਰਟੀ ਦਾ ਵਕਾਰ ਅਤੇ ਪ੍ਰਭਾਵ-ਖੇਤਰ ਵਧ ਜਾਣ ਬਾਰੇ ਸੋਚਣਾ ਸੀ. ਪੀ. ਐਮ. ਦੀ ਕੇਵਲ ਖੁਸ਼ਫਹਿਮੀ ਹੀ ਹੋ ਸਕਦੀ ਹੈ ਜਿਸ ਦਾ ਸ਼ਿਕਾਰ ਸੀ. ਪੀ. ਆਈ. ਹੋ ਚੁਕੀ ਹੈ। ਐਮਰਜੈਂਸੀ ਵਿਚ ਇਸ ਖੱਬੀ ਪਾਰਟੀ ਦਾ ਰੋਲ ਸੀ. ਪੀ. ਆਈ. ਨਾਲੋਂ ਕੋਈ ਬੇਹਤਰ ਨਹੀਂ ਸੀ। ਉਸ ਨੇ ਐਮਰਜੈਂਸੀ ਦੀ ਹਿਮਾਇਤ ਤਾਂ ਨਹੀਂ ਕੀਤੀ ਪਰ ਵਿਰੋਧ ਵੀ ਉੱਕਾ ਹੀ ਨਹੀਂ ਕੀਤਾ। ਕਾਡਰ ਬਚਾਉਣ ਦੀ ਮੁਹਿੰਮ ਵਿਚ 'ਇਕ ਚੁਪ ਸੌ ਸੁਖ' ਨੂੰ ਮੁਖ ਰਖਿਆ। ਕਾਕਸ, ਸੰਜੇ-ਜੁੰਡਲੀ, ਨਾਗਰਿਕ ਆਜ਼ਾਦੀ, ਮੀਸਾ, ਡੀ. ਆਈ. ਆਰ ਵਰਗੇ ਕਾਲੇ ਕਾਨੂੰਨਾਂ ਦੇ ਵਿਰੁਧ ਇਕ ਲਹਿਰ ਵੀ ਉਹ ਦੋ ਸਾਲਾਂ ਵਿਚ ਨਹੀਂ ਚਲਾ ਸਕੇ। ਤਾਂ ਆਪਣੇ ਅਸਲੇ ਵਿਚ ਇਸ ਦ੍ਰਿਸ਼ਟੀਕੋਣ ਦਾ ਹਿਮਾਇਤ ਵਾਲੇ ਵਤੀਰੇ ਨਾਲੋਂ ਕਿੰਨਾ ਕੁ ਫ਼ਰਕ ਰਹਿ ਜਾਂਦਾ ਹੈ? ਕੀ ਜੇਲ੍ਹਾਂ ਵਿਚ ਜਾਣ ਤੋਂ ਬਚਣ ਨਾਲ ਹੀ ਕਾਡਰ ਨੂੰ ਬਚਾਇਆ ਜਾ ਸਕਦਾ ਹੈ? ਤੇ ਇਨਕਲਾਬੀ ਪਾਰਟੀ ਦਾ ਕਾਡਰ ਹੁੰਦਾ ਕਿਸ ਲਈ ਹੈ? ਕੁਲ ਮਿਲਾ ਕੇ ਸੀ. ਪੀ. ਐਮ. ਦੀ ਪੁਜ਼ੀਸ਼ਨ ਸੀ. ਪੀ. ਆਈ. ਨਾਲੋਂ ਦਿਸਣ ਵਿਚ ਭਾਵੇਂ ਫਰਕ ਵਾਲੀ ਲਗਦੀ ਹੈ ਪਰੰਤੂ ਮੂਲ ਦੇ ਪਖੋਂ ਇਸ ਦਾ ਤੋੜਾ ਵੀ ਸੀ. ਪੀ. ਆਈ. ਵਾਲੀ ਥਾਂ ਹੀ ਟੁਟਦਾ ਹੈ। (ਇਹ ਵਕਤ ਨਾਲ ਹੋਰ ਸਪਸ਼ਟ ਹੋ ਜਾਵੇਗਾ।)

ਬਾਕੀ ਗੱਲ ਰਹਿ ਗਈ ਸੀ. ਪੀ. ਐਮ. ਐਲ. ਜਾਂ ਉਸ ਦੇ ਵਖ ਵਖ ਗਰੁਪਾਂ ਦੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹਨਾਂ ਦੁਆਰਾ ਦਿਤੀਆਂ ਗਈਆਂ ਕੁਰਬਾਨੀਆਂ ਬੇਮਿਸਾਲ ਹਨ ਅਤੇ ਉਹਨਾਂ ਨੇ 'ਕੁਰਬਾਨੀ' ਨੂੰ ਰਾਜਸੀ ਸੀਨ 'ਤੇ ਲਿਆਂਦਾ ਹੈ। ਨਾਲ ਹੀ ਇਹਨਾਂ ਕੁਰਬਾਨੀਆਂ ਰਾਹੀਂ ਹੀ ਇਨਕਲਾਬੀ ਚੇਤਨਾ ਨੂੰ ਤਿੱਖਿਆਂ ਕਰਨ ਵਿਚ ਚੰਗਾ ਹਿੱਸਾ ਪਾਇਆ ਹੈ। ਪਰ ਇਸ ਗੱਲ ਤੋਂ ਇਨਕਾਰ ਕਰਨਾ ਵੀ ਨਿਰੀ ਭਾਵੁਕਤਾ ਹੀ ਹੋਵੇਗੀ ਕਿ ਮਾਰਕਸਵਾਦ ਦੇ ਅਸਲੇ ਤੋਂ ਇਹਨਾਂ ਦਾ ਕਾਡਰ ਵੀ ਉਨਾਂ ਹੀ ਕੋਰਾ ਰਿਹਾ ਜਿੰਨਾ ਬਾਕੀ ਦੋ ਖੱਬੀਆਂ ਪਾਰਟੀਆਂ ਦਾ। ਨਿਰੀ ਕੁਰਬਾਨੀ ਜਾਂ ਜਜ਼ਬਾਤੀ ਵਫ਼ਾਦਾਰੀ ਨਾਲ ਇਨਕਲਾਬੀ ਪਾਰਟੀਆਂ ਨਹੀਂ ਉਸਰਦੀਆਂ ਅਤੇ ਨ ਹੀ ਇਨਕਲਾਬ ਆਉਂਦੇ ਹਨ। ਮਾਰਕਸਵਾਦ ਨੂੰ ਸਾਇੰਸ ਵਾਂਗ ਹਿੰਦੁਸਤਾਨ ਦਿਆਂ ਹਾਲਾਤਾਂ 'ਤੇ ਸਹੀ ਢੰਗ ਨਾਲ ਲਾਗੂ

ਕਰਨਾ ਇਹਨਾਂ ਦੇ ਵੱਸ ਤੋਂ ਬਿਲਕੁਲ ਬਾਹਰ ਦੀ ਗੱਲ ਸੀ। ਅਨੇਕਾਂ ਗਰੁਪਾਂ ਵਿਚ ਵੰਡੇ ਜਾਣ ਹੀ ਇਸ ਪਾਰਟੀ ਦੇ ਅਸਲੇ ਦਾ ਸਾਰਾ ਭੇਦ ਖੋਲ੍ਹ ਦੇਂਦਾ ਹੈ। ਪਿਛਲੇ ਚਾਰ ਪੰਜ ਮਹੀਨਿਆਂ ਦੀਆਂ ਘਟਨਾਵਾਂ ਨੇ ਇਹਨਾਂ ਦੀ ਸਥਿਤੀ ਨੂੰ ਬਿਲਕੁਲ ਹੀ ਆਧਾਰਹੀਨ ਬਣਾ ਦਿਤਾ ਹੈ। ਦੂਜੀਆਂ ਦੋ ਖੱਬੀਆਂ ਪਾਰਟੀਆਂ ਵਾਂਗ ਹੀ ਇਹਨਾਂ ਤੋਂ ਵੀ ਲੋਕ-ਆਧਾਰ (mass base) ਨਾ ਬਣ ਸਕਣ ਨੇ ਹੀ ਇਸ ਪਾਰਟੀ ਜਾਂ ਵਖ ਵਖ ਗਰੁਪਾਂ ਨੂੰ ਬਾਕੀਆਂ ਦੋਵਾਂ ਵਾਂਗ ਕਿਸੇ ਖੱਬੇ ਬਦਲ ਵਜੋਂ ਪੇਸ਼ ਨਹੀਂ ਹੋਣ ਦਿਤਾ। ਐਮਰਜੈਂਸੀ ਅਤੇ ਪਾਰਲੀਮਾਨੀ ਤੇ ਅਸੈਂਬਲੀ ਚੋਣਾਂ ਵਿਚ ਖੱਬੀ ਪਾਰਟੀ ਦੇ ਰੋਲ ਅਤੇ ਇਸ ਨਵੀਂ ਸਥਿਤੀ ਬਾਰੇ ਸਹੀ ਮਾਰਕਸਵਾਦੀ ਪਹੁੰਚ ਅਪਣਾ ਸਕਣ ਤੋਂ ਇਹ ਵੀ ਬਾਕੀਆਂ ਵਾਂਗ ਅਸਮੱਰਥ ਰਹੀ ਹੈ। ਇਸ ਅਚਾਨਕ ਬਦਲੀ ਸਥਿਤੀ ਵਿਚ ਤਿੰਨਾਂ ਪਾਰਟੀਆਂ ਦਾ ਰੋਲ ਕੇਵਲ ਹੱਥ 'ਤੇ ਹੱਥ ਰਖ ਕੇ ਤਮਾਸ਼ਾ ਵੇਖਣ ਵਾਲੀ ਸਥਿਤੀ ਤੋਂ ਵਧ ਨਹੀਂ ਕਿਉਂਕਿ ਉਹ ਅਜਿਹੀ ਨਵੀਂ ਸਥਿਤੀ ਲਈ ਕਿਵੇਂ ਵੀ ਤਿਆਰ ਨਹੀਂ ਸਨ ਅਤੇ ਨਾ ਹੀ ਸਾਡੀ ਰਾਜਸੀ ਤਬਦੀਲੀ ਦੇ ਇਸ ਰੁਖ ਨੂੰ ਅਗਾਊਂ ਭਾਂਪ ਸਕੀਆਂ, ਅਤੇ ਨਾ ਹੀ ਲੋਕਾਂ ਸਾਹਮਣੇ ਸੁਤੰਤਰ ਖੱਬਾ ਪ੍ਰੋਗਰਾਮ, ਖੱਬੀ ਪਹੁੰਚ, ਖੱਬੀ ਪਾਰਟੀ ਦਾ ਬਿੰਬ ਹੀ ਉਸਾਰ ਸਕੀਆਂ। ਕੁਲ ਮਿਲਾ ਕੇ ਤਿੰਨਾਂ ਦੀ ਸਥਿਤੀ ਘੱਟੋ ਘੱਟ ਹਾਲ ਦੀ ਘੜੀ ਕੁਝ-ਨ-ਸੁਝ-ਸਕਣ ਵਾਲੀ ਹੀ ਹੈ।

ਪਰੰਤੂ ਇਸ ਦਾ ਅਰਥ ਕਿਸੇ ਨਾਂਹ-ਪੱਖੀ ਤੇ ਨਿਰਾਸ਼ਾਵਾਦੀ ਖੱਡ ਵਿਚ ਢਹਿ ਜਾਣ ਦਾ ਨਹੀਂ, ਸਗੋਂ ਫੋਕੀ ਵਿਚਾਰਧਾਰਕ ਬਹਿਸ ਅਤੇ ਵਿਚਾਰਧਾਰਕ ਮਤਭੇਦ ਨੂੰ ਲਾਂਭੇ ਕਰਕੇ ਬਾਹਰਮੁਖੀ ਸਥਿਤੀ ਬਾਰੇ ਇਹਨਾਂ ਪਾਰਟੀਆਂ ਦੇ ਕਿਰਦਾਰ ਤੋਂ ਇਹਨਾਂ ਦੇ ਦਿਸਦੇ ਪੱਖ ਜਾਂ ਕਥਨੀ ਦੀ ਥਾਂ ਇਹਨਾਂ ਦੇ ਅਸਲੇ ਬਾਰੇ ਕੁਝ ਨਿਰਵਿਵਾਦ ਉਭਰਦੇ ਤੱਥਾਂ ਨੂੰ ਸਾਹਮਣੇ ਰਖ ਕੇ ਕਿਸੇ ਸਹੀ ਮਾਰਕਸਵਾਦੀ ਵਿਆਖਿਆ, ਸੇਧ, ਰਾਜਸੀ ਲਾਈਨ ਅਤੇ ਭਾਰਤੀ ਸਥਿਤੀ ਨੂੰ ਸਮਝਣ ਲਈ ਨਿਰਪੱਖ ਡੂੰਘੇ ਵਿਸ਼ਲੇਸ਼ਣ ਅਤੇ ਉਸ ਵਲ ਠੋਸ ਕਦਮ ਚੁਕਣ ਦੀ ਲੋੜ ਹੈ, ਜਿਸ ਦਾ ਜ਼ਿਕਰ ਅਸੀਂ ਅਗਲੇ ਲੇਖ ਵਿਚ ਕਰਾਂਗੇ।

---

ਸੋਧ : ਜੁਲਾਈ ਅੰਕ ਵਿਚ

ਸਫ਼ਾ 6, ਉਪਰੋਂ ਤੀਸਰੀ ਸਤਰ—ਜ਼ਹਿਰ ਦੀ ਥਾਂ ਜ਼ਾਹਿਰ ਪੜ੍ਹੋ।

ਸਫ਼ਾ 9, ,, 9ਵੀਂ ,, —ਲੀਡਰਸ਼ਿਪ ਦੀ ਥਾਂ ਲੀਡਰਸ਼ਿਪਾਂ ਪੜ੍ਹੋ।

,, 35, ਅਖ਼ੀਰਲਾ ਪੈਰਾ —ਟਰਾਸ਼ਕੀ ਦੀ ਥਾਂ ਤ੍ਰਾਸਦੀ (ਦੁਖਾਂਤ, ਟਰੈਜਿਡੀ) ਪੜ੍ਹੋ।

,, 50, ਫੁਟ ਨੋਟ, ਦੂਜੀ ਸਤਰ ਵਿਚ ਮਲਯਆਨਲੋ—ਮਲਯ, ਦਖਣ ਵਿਚ ਪੜ੍ਹੋ।

,, 57, ਥਲਿਉਂ ਪੰਜਵੀਂ ਸਤਰ—ਧੜ ਦੀ ਥਾਂ ਧੜੇ ਪੜ੍ਹੋ।

,, 58, ਉਪਰੋਂ 13-ਵੀਂ ਸਤਰ—1462 ਦੀ ਥਾਂ 1962 ਪੜ੍ਹੋ।

ਹੋਰ ਵੀ ਪਰੂਫ਼-ਰੀਡਿੰਗ ਦੀਆਂ ਨਿੱਕੀਆਂ ਮੋਟੀਆਂ ਕਈ ਗ਼ਲਤੀਆਂ ਰਹਿ ਗਈਆਂ ਸਨ, ਜਿੰਨ੍ਹਾਂ ਦਾ ਸਾਨੂੰ ਅਫ਼ਸੋਸ ਹੈ।



**ਹਰਚਰਨ ਸਿੰਘ ਸੋਬਤੀ**

# 'ਪਵਿੱਤਰ ਪਾਪੀ' — ਕੁਰਾਹੇ ਪਈ ਕਲਪਨਾ ਦੀ ਦਾਸਤਾਨ

1.

'ਪਵਿੱਤਰ ਪਾਪੀ' (1942) ਨਾਵਲ ਦੇ ਨਾਇਕ ਕਿਦਾਰ ਦੀ ਕਲਪਨਾ ਦੇ ਕੁਰਾਹੇ ਪਏ ਹੋਣ ਦਾ ਪਤਾ, ਨਾਵਲ ਵਿਚ ਪੇਸ਼ ਸਮੱਸਿਆਵਾਂ ਅਤੇ ਉਨ੍ਹਾਂ ਬਾਰੇ ਕਿਦਾਰ ਦੇ ਨਜ਼ਰੀਏ / ਪ੍ਰਤੀਕਰਮ ਨੂੰ ਪੜਚੋਲਵੀਂ ਨਜ਼ਰ ਨਾਲ ਵੇਖਿਆਂ ਹੀ ਲਗ ਸਕਦਾ ਹੈ। ਨਾਵਲ ਦੀ ਕੇਂਦਰੀ ਸਮੱਸਿਆ ਤਾਂ **ਜਿਨਸੀ ਪਿਆਰ** ਹੀ ਹੈ ਪਰ ਇਸ ਸਮੱਸਿਆ ਨੂੰ ਪੇਸ਼ ਕਰਨ ਤੋਂ ਪਹਿਲਾਂ ਨਾਨਕ ਸਿੰਘ ਨੇ **'ਨੌਕਰੀ'** ਦੀ ਸਮੱਸਿਆ ਨੂੰ ਪਹਿਲ ਦਿਤੀ ਹੈ। ਅਤਰ ਸਿੰਘ ਨੂੰ ਪੰਨਾ ਲਾਲ ਨਾਲੋਂ ਕਿਦਾਰ ਵਧੇਰੇ ਪੁਗਦਾ ਹੈ। ਦੁਕਾਨਦਾਰੀ ਦੇ ਨਜ਼ਰੀਏ ਤੋਂ ਅਤਰ ਸਿੰਘ ਦਾ ਫ਼ੈਸਲਾ ਗ਼ਲਤ ਨਹੀਂ। ਪਰ ਗੱਲ ਉਦੋਂ ਵਿਗੜਦੀ ਹੈ ਜਦੋਂ ਪੰਨਾ ਲਾਲ ਆਪਣੀ ਨੌਕਰੀ ਦੇ ਖੁਸ ਜਾਣ ਦਾ ਕਾਰਨ ਕਿਦਾਰ ਨੂੰ ਮਿੱਥ ਕੇ ਉਸ ਨੂੰ (ਚਿੱਠੀ ਰਾਹੀਂ) 'ਪਾਪੀ' ਕਰਾਰ ਦੇਂਦਾ ਹੈ ਅਤੇ ਕਿਦਾਰ ਵੀ ਆਪਣੇ ਆਪ ਨੂੰ 'ਪਾਪੀ' ਤਸੱਵਰ ਕਰਨ ਲਗ ਪੈਂਦਾ ਹੈ। ਕਿਦਾਰ ਤਾਂ ਸਗੋਂ ਪੰਨਾ ਲਾਲ ਦੀ ਚਿੱਠੀ ਮਿਲਣ ਤੋਂ ਵੀ ਪਹਿਲਾਂ ਆਪਣੇ ਆਪ ਨੂੰ 'ਪਾਪੀ' ਮੰਨ ਬੈਠਾ ਹੁੰਦਾ ਹੈ। ਇਥੇ ਬੁਨਿਆਦੀ ਨੁਕਤਾ ਇਹੀ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਕਿਦਾਰ ਤੇ ਪੰਨਾ ਲਾਲ ਦੋਵੇਂ ਹੀ ਇਕੋ ਈਡੀਅਮ ਵਿਚ ਸੋਚਦੇ ਹਨ। ਉਹ ਇਸ ਸੱਚ ਨੂੰ ਪਛਾਣਦੇ ਹੀ ਨਹੀਂ ਕਿ ਜਮਾਤੀ ਸਮਾਜ ਦੀ ਨੀਂਹ ਹੀ ਖੋਹ-ਖਸ ਉਪਰ ਰਖੀ ਹੋਈ ਹੈ। ਇਕ ਦੀ ਬੁਰਕੀ ਖੋਹ ਕੇ ਹੀ ਦੂਜੇ ਨੂੰ ਮਿਲਦੀ ਹੈ। ਬੇਰੋਜ਼ਗਾਰੀ ਦੇ ਦੌਰ ਵਿਚ ਜਮਾਤੀ ਸਮਾਜ ਦਾ ਅਜਿਹਾ ਚਰਿਤਰ ਸਗੋਂ ਹੋਰ ਸਪਸ਼ਟ ਦਿਖਾਈ ਦੇਂਦਾ ਹੈ। **ਕਿਦਾਰ ਤੇ ਪੰਨਾ ਲਾਲ ਦੋਹਾਂ ਦੀ ਨਜ਼ਰ ਇਸ ਸੱਚ ਉਪਰ ਜਾਂਦੀ ਹੀ ਨਹੀਂ ਕਿ ਅਸਲ ਮੁਜਰਮ ਤਾਂ ਸਮਾਜਕ ਢਾਂਚਾ ਹੈ।** ਨਾਨਕ ਸਿੰਘ ਦੋਹਾਂ ਵਿਚੋਂ ਕਿਸੀ ਨੂੰ ਵੀ ਅਜਿਹੀ ਨਜ਼ਰ ਨਹੀਂ ਪ੍ਰਦਾਨ ਕਰ ਸਕਿਆ। ਨਾਨਕ ਸਿੰਘ ਪਾਸੋਂ ਅਜਿਹੀ ਸੋਝੀ ਦੀ ਆਸ ਕਰਨੀ, ਸ਼ਾਇਦ ਉਸ ਨਾਲ ਜ਼ਿਆਦਤੀ ਖ਼ਿਆਲ ਕੀਤੀ ਜਾਵੇ। ਪਰ ਇਹ ਆਸ ਕਰਨੀ ਤਾਂ ਗ਼ੈਰ-ਵਾਜਿਬ ਨਹੀਂ ਹੋਵੇਗੀ ਕਿ ਸਿਸਟਮ ਤੋਂ ਥੱਲੇ ਉਤਰ ਕੇ ਪੰਨਾ ਲਾਲ ਦੀ ਨੌਕਰੀ ਦੇ ਖੁਸ ਜਾਣ ਦਾ ਕਾਰਨ ਉਸ ਅਤਰ ਸਿੰਘ ਨੂੰ ਤਾਂ ਦਸਿਆ ਜਾਂਦਾ ਜਿਸ ਨੇ ਪੰਨਾ ਲਾਲ ਦੀ ਸਾਲਾਂ-ਬਧੀ ਖ਼ਿਦਮਤ ਦਾ ਵੀ ਖ਼ਿਆਲ ਨਹੀਂ ਕੀਤਾ। ਪੰਨਾ ਲਾਲ ਇਸ ਗੱਲ ਨੂੰ ਅਤਰ ਸਿੰਘ ਅਗੇ ਜਤਲਾਉਂਦਾ ਹੀ ਨਹੀਂ; ਸਗੋਂ ਭਰਿਆ-ਪੀਤਾ ਕਿਦਾਰ ਨੂੰ ਹੀ ਲਾਹਨਤਾਂ ਪਾਉਂਦਾ ਕਿਨਾਰਾ ਕਰ ਲੈਂਦਾ ਹੈ। ਨਾਨਕ ਸਿੰਘ ਨੇ ਅਤਰ ਸਿੰਘ ਨਾਲ ਰਿਆਇਤ ਕੀਤੀ ਹੈ।

ਨੌਕਰੀ ਦੀ ਸਮੱਸਿਆ ਨੂੰ ਨਾਨਕ ਸਿੰਘ ਨੇ ਸਹੀ ਪਰੱਸਪੈਕਟਿਵ ਵਿਚ ਪੇਸ਼ ਨਹੀਂ ਕੀਤਾ। ਸਾਰੀ ਸਮੱਸਿਆ ਨੂੰ ਪੰਨਾ ਲਾਲ ਦੇ ਸਬਜੈਕਟਿਵ ਨਜ਼ਰੀਏ ਤੋਂ ਹੀ ਚਿਤ੍ਰਿਆ ਹੈ, ਜਿਵੇਂ ਕਿਦਾਰ ਦੀ ਮਨੁਖੀ ਲੋੜ ਹੈ ਹੀ ਨਹੀਂ। ਸਥਿਤੀ ਉਦੋਂ, ਸਗੋਂ ਹੋਰ ਵੀ, ਬਰਦਾਸ਼ਤ ਤੋਂ ਬਾਹਰ ਹੋ ਜਾਂਦੀ ਹੈ ਜਦੋਂ ਕਿਦਾਰ ਵੀ ਸਾਰੀ ਘਟਨਾ ਨੂੰ ਆਬਜੈਕਟਿਵ ਨਜ਼ਰੀਏ ਤੋਂ ਵੇਖਣੋਂ ਅਸਮਰੱਥ ਪੇਸ਼ ਕੀਤਾ ਜਾਂਦਾ ਹੈ। ਕਿਦਾਰ ਦਾ ਪੰਨਾ ਲਾਲ ਨੂੰ ਲਭਦੇ ਫਿਰਨਾ ਕਿਦਾਰ ਦੇ 'ਪਾਪੀ' ਹੋਣ ਦੇ ਅਹਿਸਾਸ ਨੂੰ ਜ਼ਾਹਿਰ ਕਰਦਾ ਹੈ। ਕਿਦਾਰ ਦਾ ਇਕ ਝੂਠ ਨੂੰ ਲੁਕਾਉਣ ਲਈ ਝੂਠ ਤੇ ਝੂਠ ਬੋਲੀ ਜਾਣਾ ਵੀ 'ਪਾਪੀ' ਹੋਣ ਦੇ ਅਹਿਸਾਸ ਨੂੰ ਹੀ ਮੂਰਤੀਮਾਨ ਕਰਦਾ ਹੈ।

2.

ਕਿਦਾਰ 'ਪਾਪ' ਦੇ ਅਹਿਸਾਸ ਨਾਲ ਬੋਝਲ ਹੋਇਆ ਮਨ ਲੈਕੇ, ਪੰਨਾ ਲਾਲ ਦੀ ਗ਼ੈਰ-ਹਾਜ਼ਰੀ ਵਿਚ, ਉਸ ਦੇ ਪਰਵਾਰ ਵਿਚ ਪ੍ਰਵੇਸ਼ ਕਰਦਾ ਹੈ। ਕਿਦਾਰ ਪ੍ਰਵੇਸ਼ ਤਾਂ ਕਰਦਾ ਹੈ ਆਪਣੇ ਮਨ ਦੇ 'ਪਾਪ' ਨੂੰ ਧੋਵਣ ਵਾਸਤੇ, ਪਰ ਇਥੇ ਇਕ ਹੋਰ 'ਪਾਪ' ਸਹੇੜ ਲੈਂਦਾ ਹੈ। ਪੰਨਾ ਲਾਲ ਦੀ ਪਤਨੀ ਮਾਇਆ, ਹੁਣ ਕਿਦਾਰ ਦੀ 'ਧਰਮ ਦੀ ਮਾਂ' ਹੈ। ਇਸ ਰਿਸ਼ਤੇ ਤੋਂ ਵੀਣਾ ਕਿਦਾਰ ਦੀ 'ਭੈਣ' ਲੱਗੀ। 'ਭੈਣ' ਪ੍ਰਤੀ ਜਿਨਸੀ ਪਿਆਰ ਦੀ ਭਾਵਨਾ 'ਪਾਪ' ਹੈ। ਜਿਨਸੀ ਪਿਆਰ ਨੂੰ 'ਪਾਪ' ਦੇ ਰੰਗ ਵਿਚ ਰੰਗਣ ਸਮੇਂ ਨਾਨਕ ਸਿੰਘ ਦੀ ਕਲਪਨਾ ਇਕ ਬਾਰ ਫਿਰ ਕੁਰਾਹੇ ਪਈ ਹੈ।

ਕਿਦਾਰ ਦੀ 'ਧਰਮ ਦੀ ਮਾਂ' ਬਣਨ ਤੋਂ ਪਹਿਲਾਂ ਮਾਇਆ ਉਸ ਨੂੰ ਭਰਾ ਕਹਿ ਕੇ ਬੁਲਾਉਂਦੀ ਰਹੀ ਅਤੇ ਵੀਣਾ ਮਾਸਟਰ ਜੀ ਕਹਿ ਕੇ। ਕਿਦਾਰ ਜਦੋਂ ਮਾਇਆ ਦਾ 'ਧਰਮ ਦਾ ਪੁੱਤ' ਬਣ ਗਿਆ ਤਾਂ ਵੀਣਾ ਨੇ ਕਿਦਾਰ ਨੂੰ 'ਭਰਾ ਜੀ' ਕਹਿ ਕੇ ਬੁਲਾਣਾ ਸ਼ੁਰੂ ਕਰ ਦਿੱਤਾ। ਹੁਣ ਕਿਦਾਰ ਮਾਇਆ ਨੂੰ ਬੀਬੀ ਜੀ ਥਾਂ ਬੇਜੇ ਕਹਿ ਕੇ ਬੁਲਾਉਣ ਲੱਗਾ। ਇਕ ਵਕਤ ਮਾਇਆ ਨੂੰ ਵੀਣਾ ਦੇ ਰਿਸ਼ਤੇ ਦੀ ਪਈ ਹੋਈ ਗੰਢ ਨੂੰ ਪੀਢਿਆਂ ਕਰਨ ਲਈ ਗੁਜਰਖ਼ਾਨ ਕੁੜਮਾਂ ਦੇ ਜਾਣਾ ਪੈਂਦਾ ਹੈ। ਵੀਣਾ ਰੋਜ਼ ਦੀ ਤਰ੍ਹਾਂ ਕਿਦਾਰ ਪਾਸ ਪੜ੍ਹਣ ਲਈ ਬੈਠੀ ਹੋਈ ਹੈ। ਕਿਦਾਰ ਦੇ ਮਨ ਦੀ ਹਾਲਤ ਨੂੰ ਵੀਣਾ ਉਤੇ ਪੈ ਰਹੇ ਪ੍ਰਭਾਵਾਂ ਥਾਣੀਂ ਇਨ੍ਹਾਂ ਲਫ਼ਜ਼ਾਂ ਵਿਚ ਅੰਕਿਤ ਕੀਤਾ ਗਿਆ ਹੈ :

"...ਪਰ ਭਰਾ ਜੀ ! ਇਹ ਕੀ ? ਤੁਸੀਂ ਕੰਬ ਕਿਉਂ ਰਹੇ ਜੇ ?..." "ਅਜ ਤੁਸੀਂ ਭਰਾ ਜੀ ਕਿਸ ਤਰ੍ਹਾਂ ਦੀਆਂ ਬੇਥਵੀਆਂ ਗੱਲਾਂ ਕਰ ਰਹੇ ਓ ? ਤੁਹਾਡੀਆਂ ਅੱਖਾਂ ਅਜ ਕਿਰਣ ਦੀਆਂ ਹੁੰਦੀਆਂ ਜਾਂਦੀਆਂ ਨੇ ?" 'ਕਿੱਕਣ ਦੀਆਂ ?" "ਪਤਾ ਨਹੀਂ ਡਰੋਣੀਆਂ ਜਿਹੀਆਂ।"

—ਪੰਨਾ 67-68, ਉਨੀਵੀਂ ਵਾਰ, 1968

ਵੀਣਾ ਦੇ ਮਨ ਨੇ ਕਿਦਾਰ ਦੇ ਮਨ ਦੀ ਹਾਲਤ ਨੂੰ ਠੀਕ ਹੀ ਬੁੱਝਿਆ। ਕਿਦਾਰ ਵੀ ਅਜਿਹੇ ਸਮੇਂ ਆਪਣੇ ਆਪ ਦੀ ਪੜਚੋਲ ਕਰਦਿਆਂ ਮਹਿਸੂਸ ਕਰਦਾ ਹੈ :

"ਕੀ ਮੈਂ 'ਪਾਪੀ' ਨਹੀਂ ?...ਕੀ ਜਿਸ ਨੂੰ ਮੈਂ ਆਪਣੀ ਧਰਮ ਦੀ ਮਾਂ ਕਹਿ ਚੁੱਕਾ ਹਾਂ ਉਸ ਦੀ ਲੜਕੀ ਮੇਰੇ ਲਈ ਭੈਣ ਤੋਂ ਬਿਨਾ ਕੁਝ ਹੋਰ ਵੀ ਹੋ ਸਕਦੀ ਹੈ ?" —ਪੰਨਾ 68-69।

ਕਿਦਾਰ ਨੂੰ ਇਹ ਵੀ ਬਰਾਬਰ ਅਹਿਸਾਸ ਹੈ :

"ਵੀਣਾ...ਕਿਉਂ ਇਹ ਇਤਨੀ ਛੇਤੀ ਛੇਤੀ ਮੇਰੇ ਖ਼ਿਆਲਾਂ ਵਿਚ ਫ਼ੈਲਦੀ ਜਾ ਰਹੀ ਹੈ ? ਕੀ ਮੈਂ ਉਸ ਨੂੰ ਚਾਹੁੰਦਾ ਹਾਂ ? ਉਸ ਨੂੰ ਪਿਆਰ ਕਰਦਾ ਹਾਂ।" —ਪੰਨਾ 68

ਪਿਆਰ ਦੇ ਪੈ ਰਹੇ ਪ੍ਰਭਾਵ ਦੀ ਵੀ ਕਿਦਾਰ ਨੂੰ ਪੂਰੀ ਸੋਝੀ ਹੈ :

"ਪਰ...ਪਰ ਇਹ ਪਿਆਰ ਕਿਹੋ ਜਿਹਾ ਅਸਰ ਕਰ ਰਿਹਾ ਹੈ ਮੇਰੇ ਉਤੇ ? ਕੀ ਪਿਆਰ ਵਿਚ



ਅੱਗ ਹੁੰਦੀ ਹੈ ? ਜੇ ਨਹੀਂ ਤਾਂ ਫਿਰ ਵੀਣਾ ਦਾ ਖ਼ਿਆਲ ਆਉਂਦਿਆਂ ਹੀ ਮੇਰੀ ਨਾੜ ਨਾੜ ਵਿਚ ਕੋਈ ਤਲਖ਼ ਜਿਹਾ ਸਵਾਦ—ਮਿੱਠਾ ਪਰ ਹਲਕਾਇਆ ਜਿਹਾ ਜਨੂੰਨ—ਲੂਹਣ ਵਾਲੀ ਜਲਣ... ਇਹ ਕਿਉਂ ? ਕੀ ਇਹ ਪਿਆਰ ਦਾ ਅਸਰ ਹੈ ? ਤਾਂ ਤੇ ਪਿਆਰ ਬਹੁਤ ਛੇਤੀ ਆਦਮੀ ਨੂੰ ਸਾੜ ਸੁਟਦਾ ਹੋਵੇਗਾ। ਉਫ਼ ਕੋਈ ਸਮਝਾਏ ਮੈਨੂੰ ਇਹ ਘੁੰਡੀ ! ਜੇ ਇਹ ਪਿਆਰ ਹੈ ਤਾਂ ਇਹ ਬੜੀ ਜਲਦੀ ਮੈਨੂੰ ਖ਼ਤਮ ਕਰ ਦੇਵੇਗਾ।" — ਪੰਨਾ 69

ਕਿਦਾਰ ਨੇ genuine ਪਿਆਰ ਬਾਰੇ ਸੁਣ ਜ਼ਰੂਰ ਰਖਿਆ ਹੈ :

"ਕਹਿੰਦੇ ਹਨ ਕਿ ਪਿਆਰ ਰਬ ਹੈ ? ਕੀ ਰਬ ਸਾੜਦਾ ਹੈ ? ਕੀ ਰਬ ਤਪਾਂਦਾ ਹੈ ? ਜਿਥੇ ਰਬ ਹੋਵੇ ਕੀ ਉਸ ਥਾਂ ਤੇ ਕਾਲੇ ਧਬੇ ਪੈ ਜਾਂਦੇ ਹਨ — ਸੜੀ ਹੋਈ ਥਾਂ ਵਰਗੇ ? ਨਹੀਂ, ਇਹ ਨਹੀਂ ਹੋ ਸਕਦਾ — ਜਾਂ ਤਾਂ ਪਿਆਰ ਰਬ ਨਹੀਂ ਹੋਣਾ, ਤੇ ਜੇ ਪਿਆਰ ਸੱਚਮੁਚ ਰਬ ਹੈ, ਤੇ ਇਹ, ਜਿਸ ਨੂੰ ਮੈਂ ਪਿਆਰ ਸਮਝ ਰਿਹਾ ਹਾਂ ਅਸਲ ਵਿਚ ਪਿਆਰ ਨਹੀਂ ਕੋਈ ਹੋਰ ਚੀਜ਼ ਹੋਵੇਗੀ।" — ਪੰਨਾ 69

ਕਿਦਾਰ ਨੂੰ ਅੰਦਰਖਾਨੇ ਇਸ ਗਲ ਦਾ ਅਹਿਸਾਸ ਹੈ ਕਿ ਉਸ ਦਾ ਆਪਣੇ ਪਿਆਰ ਬਾਰੇ ਅਨੁਭਵ, ਪਿਆਰ ਦੇ ਸੁਣੇ-ਸੁਣਾਏ ਸੰਕਲਪ ਨਾਲ ਮੇਲ ਨਹੀਂ ਖਾਂਦਾ। ਕਿਦਾਰ ਦਾ ਵੀਣਾ ਪ੍ਰਤੀ ਜਿਨਸੀ ਪਿਆਰ ਉਸ ਨੂੰ ਸਾੜ ਰਿਹਾ ਹੈ, ਕਿਉਂਕਿ ਕਿਦਾਰ ਵੀਣਾ ਨੂੰ ਭੈਣ ਖਿਆਲ ਕਰਦਾ ਹੈ। ਕਿਦਾਰ ਦੇ ਇਸ ਗ਼ਲਤ ਨਜ਼ਰੀਏ ਕਾਰਨ ਹੀ ਉਸ ਦੇ ਚਰਿਤ੍ਰ ਵਿਚ 'ਪਾਪ' ਦੀ ਭਾਵਨਾ ਪ੍ਰਵੇਸ਼ ਕਰਦੀ ਹੈ। ਅਸਲੀਅਤ ਇਹ ਹੈ ਕਿ ਵੀਣਾ ਕਿਦਾਰ ਦੀ ਭੈਣ ਨਹੀਂ। ਜਿਨਸੀ ਪਿਆਰ ਪੈਦਾ ਹੋਣ ਤੋਂ ਪਹਿਲਾਂ ਦੀ ਸੂਰਤ ਵਿਚ ਕਿਸੀ ਨੂੰ ਭੈਣ/ਭਰਾ ਕਹਿਣਾ ਹੀ ਬਣਦਾ ਹੈ। ਪਰ ਨਾਨਕ ਸਿੰਘ ਕਿਦਾਰ ਦੇ ਮਨ ਵਿਚ ਵੀਣਾ ਪ੍ਰਤੀ ਜਿਨਸੀ ਪਿਆਰ ਪੈਦਾ ਹੋਣ ਤੋਂ ਬਾਅਦ ਵੀ ਸਾਰਾ ਭਾਰ ਉਨ੍ਹਾਂ ਦੇ ਭੈਣ-ਭਰਾ ਦੇ ਰਿਸ਼ਤੇ ਉਪਰ ਹੀ ਪਾਉਂਦਾ ਹੈ। ਇਕ ਬਾਰ ਕਿਦਾਰ ਭੈਣ-ਭਰਾ ਦੇ ਮਸਨੂਈ ਰਿਸ਼ਤੇ ਦੀ ਜਕੜ ਵਿਚੋਂ ਨਿਕਲਣ ਦੀ ਦਲੇਰੀ ਵੀ ਕਰਦਾ ਹੈ। ਕਿਦਾਰ ਜਦੋਂ ਵੀਣਾ ਨੂੰ ਆਪਣੇ ਜਿਨਸੀ ਪਿਆਰ ਤੋਂ ਆਗਾਹ ਕਰਦਾ ਹੈ ਤਾਂ ਵੀਣਾ ਇਹ ਕਹਿੰਦੀ ਹੈ :

"ਇਹ ਤੁਸੀਂ ਕੀ ਕਹਿ ਰਹੇ ਹੋ ਭਰਾ ਜੀ—ਕਦੀ ਭੈਣ ਭਰਾ ਵੀ..." —ਪੰਨਾ 88

ਕਿਦਾਰ ਬੜੀ ਕਾਹਲੀ ਨਾਲ ਅਜਿਹੇ ਰਿਸ਼ਤੇ ਤੋਂ ਇਨਕਾਰ ਕਰਦਿਆਂ ਕਹਿੰਦਾ ਹੈ :

"ਵੀਣੀ ਕੌਣ ਕਹਿੰਦਾ ਹੈ ਅਸੀਂ ਭੈਣ ਭਰਾ ਹਾਂ ?"— ਪੰਨਾ 89

"ਧਰਮ ਕਹਿੰਦਾ ਹੈ।" ਵੀਣਾ ਦਾ ਉੱਤਰ ਸੀ।

ਪਰ ਇਸ ਵਿਸ਼ੇ ਉਪਰ ਹੋਈ ਗੱਲਬਾਤ ਦਾ ਅਖ਼ੀਰ ਵਿਚ ਸਿੱਟਾ ਇਹੀ ਨਿਕਲਿਆ ਕਿ ਵੀਣਾ ਨੇ 'ਰਜ਼ਾਮੰਦੀ' ਵਿਚ ਸਿਰ ਹਿਲਾ ਦਿਤਾ। ਵੀਣਾ ਨੇ ਆਪਣੀ ਪੁਜ਼ੀਸ਼ਨ ਬਦਲ ਲਈ ਅਤੇ ਇਹ ਵੀਣਾ ਦਾ ਬੜਾ ਹੀ ਸੁਭਾਵਿਕ ਵਤੀਰਾ ਸੀ। ਪਰ, ਕਿਦਾਰ ਫਿਰ ਆਪਣੀ ਪਹਿਲੀ ਪੁਜ਼ੀਸ਼ਨ—ਭੈਣ-ਭਰਾ ਦੇ ਰਿਸ਼ਤੇ ਵਾਲੀ—ਮਲ ਬੈਠਦਾ ਹੈ। ਨਾਨਕ ਸਿੰਘ ਕਿਦਾਰ ਤੇ ਵੀਣਾ ਨੂੰ ਜਿਨਸੀ ਪਿਆਰ ਦੇ ਰਿਸ਼ਤੇ ਵਿਚ ਬੱਝੇ ਹੋਣ ਦੀ ਕਲਪਨਾ ਹੀ ਨਹੀਂ ਕਰ ਸਕਦਾ। ਨਾਨਕ ਸਿੰਘ ਦੀ ਨਜ਼ਰ ਉਨ੍ਹਾਂ ਦੇ ਭੈਣ-ਭਰਾ ਹੋਣ ਉਪਰ ਹੀ ਪਥਰਾਈ ਰਹਿੰਦੀ ਹੈ। ਵੀਣਾ, ਮਾਇਆ ਤੇ ਪੰਨਾ ਲਾਲ ਇਹ ਤਿੰਨੇ, ਸਮਾਜਕ ਰਿਸ਼ਤਿਆਂ ਬਾਰੇ ਨਾਰਮਲ ਬੰਦਿਆਂ ਵਾਂਗ ਸੋਚਦੇ ਹਨ। ਵੀਣਾ ਵੀ ਇਕ ਪੜਾਅ ਉਤੇ ਕਿਦਾਰ ਦੀ 'ਤਜਵੀਜ਼ ਮਨਜ਼ੂਰ" (ਪੰਨਾ 91) ਕਰ ਲੈਂਦੀ ਹੈ। ਪੰਨਾ ਲਾਲ ਵੀ ਕਿਦਾਰ ਨੂੰ ਮਾਇਆ ਦੀ ਰੀਝ ਤੋਂ ਜਾਣੂ ਕਰਵਾਉਂਦਾ ਕਹਿੰਦਾ ਹੈ :

"ਉਹ ਵਿਦਿਆ ਨੂੰ ਤੇਰੇ ਨਾਲ ਵਿਆਹ ਕੇ ਤੈਨੂੰ ਅਸਲੀ ਅਰਥਾਂ ਵਿਚ ਪੁਤਰ ਬਣਾਨਾ ਚਾਹੁੰਦੀ ਏ...।" —ਪੰਨਾ 160 ਨਾਲ ਹੀ ਪੰਨਾ ਲਾਲ ਮਾਇਆ ਦੇ ਇਸ ਪਛਤਾਵੇਂ ਤੋਂ ਵੀ ਆਗਾਹ ਕਰਦਾ ਹੈ :

"...ਜਿਸ ਦਿਨ ਦੀ ਵੀਣੀ ਮੋਈ ਏ ਉਸ ਦੇ ਮੂੰਹੋਂ ਹਰ ਵੇਲੇ ਇਹੋ ਨਿਕਲਦਾ ਰਹਿੰਦੈ, ਹਾਏ ਜੇ ਮੈਨੂੰ ਪਤਾ ਹੁੰਦਾ, ਮੈਂ ਵੀਣੀ ਨੂੰ ਕਿਦਾਰ ਨਾਲ ਹੀ ਵਿਆਹ ਦੇਂਦੀ।" —ਪੰਨਾ 159.

ਪਰ, ਕਿਦਾਰ ਦੇ ਮਾਮਲੇ ਵਿਚ, ਨਾਨਕ ਸਿੰਘ ਨੇ, ਉਸ ਉਪਰ ਨਾਰਮਲ ਬੰਦੇ ਵਾਂਗ ਨਾ ਸੋਚਣ ਦੀ ਸਖ਼ਤ ਪਾਬੰਦੀ ਲਗਾਈ ਰਖੀ ਹੈ। ਕਿਦਾਰ ਨਾਨਕ ਸਿੰਘ ਦੀ ਨਿਰੋਲ ਕਾਲਪਨਿਕ ਸਿਰਜਨਾ ਹੈ। ਇਹ ਯਥਾਰਥਕ ਤੌਰ 'ਤੇ ਪ੍ਰਤੀਨਿਧੀ ਪਾਤਰ ਨਹੀਂ, ਮਸਨੂਈ ਪਾਤਰ ਹੈ ਜਿਸ ਨੂੰ ਨਾਨਕ ਸਿੰਘ ਨੇ ਮਸਨੂਈ ਸਮੱਸਿਆ ਨਾਲ ਅਜਿਹਾ ਉਲਝਾਇਆ ਹੈ, ਜਿਸ ਦਾ ਮੌਤ ਤੋਂ ਬਿਨਾ ਛੁਟਕਾਰਾ ਹੀ ਨਹੀਂ ਹੋ ਸਕਿਆ। ਜਿਨਸੀ ਪਿਆਰ ਦੇ ਕੁਦਰਤੀ ਜਜ਼ਬੇ ਨੂੰ ਕਿਦਾਰ 'ਵਾਸ਼ਨਾ' ਖ਼ਿਆਲ ਕਰਦਾ ਹੈ :

"ਕੀ ਵੀਣਾ ਮੈਨੂੰ ਮੁਆਫ਼ ਕਰ ਦੇਵੇਗੀ ਜੇ ਉਸ ਨੂੰ ਮੇਰੇ ਅਸਲ ਇਰਾਦੇ ਦਾ ਪਤਾ ਲਗੇ ?... ਜੇ ਪਤਾ ਲੱਗ ਜਾਵੇ ਤਾਂ ? ਕੀ ਉਹ ਮੈਨੂੰ ਫਿਟਕਾਰਾਂ ਨਾ ਪਾਵੇਗੀ ? ਅਥਵਾ ਕੀ ਉਹ ਮੇਰੀ ਵਾਸ਼ਨਾ ਦੀ ਖ਼ੁਰਾਕ ਬਣਨ ਨੂੰ ਤਿਆਰ ਹੋ ਜਾਵੇਗੀ...? —ਪੰਨਾ 72.

ਨਾਨਕ ਸਿੰਘ ਨੇ ਬਤੌਰ ਬਿਰਤਾਂਤ-ਲੇਖਕ ਵੀ ਕੋਈ ਕਸਰ ਨਹੀਂ ਰਹਿਣ ਦਿੱਤੀ। ਉਹ ਕਿਦਾਰ ਦੀ ਹਾਲਤ ਬਿਆਨ ਕਰਦਿਆਂ ਲਿਖਦਾ ਹੈ :

"...ਹਿੰਸਕ ਪਸ਼ੂ ਵਾਂਗ ਉਸ ਦੀਆਂ ਅੱਖਾਂ ਵਿਚ ਚੰਗਿਆੜੇ ਤਿੜਕ ਰਹੇ ਸਨ...।" —ਪਨਾ 74.

ਜਿਨਸੀ ਪਿਆਰ ਬਾਰੇ ਮਾਰਕਸ ਨੇ ਇਕ ਥਾਂ ਲਿਖਿਆ ਹੈ :

"The relation of man to woman is the most natural relation of human being to human being," Economic & Philosophic MSS. p. 127.

'ਵਾਸ਼ਨਾ' ਇਸ ਲਈ ਹੈ ਕਿ ਵੀਣਾ ਉਸ ਦੀ 'ਭੈਣ' ਹੈ। ਨਾਨਕ ਸਿੰਘ ਕਿਦਾਰ ਦੇ ਮਨ ਵਿਚ ਜਿਨਸੀ ਪਿਆਰ ਦੇ ਕੁਦਰਤੀ ਜਜ਼ਬੇ, ਅਤੇ ਉਸ ਦੇ incest ਹੋਣ ਦੇ ਗ਼ਲਤ ਨਜ਼ਰੀਏ ਵਿਚਕਾਰ ਤਨਾਓ ਪੈਦਾ ਕਰਦਾ ਹੈ। ਇਹ ਤਨਾਓ ਹੀ ਕਿਦਾਰ ਨੂੰ ਅੱਗ ਬਣ ਕੇ ਸਾੜਦਾ ਹੈ। ਕੇਤਲੀ, ਕਾਵ੍ਹਾ ਤੇ ਸਿਗਰਟ ਕਿਦਾਰ ਦੇ ਅੰਦਰ ਮੱਚ ਰਹੀ ਇਸੀ ਅੱਗ ਦੇ ਪ੍ਰਤੀਕ ਹਨ। ਇਹੀ 'ਘੁੰਡੀ' (ਪੰਨਾ 69) ਹੈ ਜਿਸ ਤੋਂ ਕਿਦਾਰ ਅਖ਼ੀਰ ਦਮ ਤਕ ਬੇਖ਼ਬਰ ਰਹਿੰਦਾ ਹੈ।

3.

ਵੀਣਾ ਪ੍ਰਤੀ ਜਿਨਸੀ ਪਿਆਰ ਪੈਦਾ ਹੋਣ ਤੋਂ ਬਾਅਦ ਕਿਦਾਰ ਲਈ ਇਕ ਰਾਹ ਇਹ ਹੋ ਸਕਦਾ ਸੀ ਕਿ ਵੀਣਾ ਦੇ ਮੰਗੀ ਹੋਈ ਹੋਣ ਕਾਰਨ ਆਪਣੇ ਆਪ ਉਤੇ ਜ਼ਬਤ ਕਰ ਲੈਂਦਾ, ਪਿਆਰ ਦਾ ਇਜ਼ਹਾਰ ਹੀ ਨਾ ਕਰਦਾ। ਇਸ ਰਾਹ ਤਾਂ ਨਾਨਕ ਸਿੰਘ ਨੇ ਕਿਦਾਰ ਨੂੰ ਪਾਇਆ ਹੀ ਨਹੀਂ। ਕਿਦਾਰ ਪਿਆਰ ਦਾ ਇਜ਼ਹਾਰ ਤਾਂ ਕਰਦਾ ਹੈ ਪਰ ਨਿਭਾਉਣ ਦੇ ਰਾਹੇ ਨਹੀਂ ਪੈਂਦਾ। ਵੀਣਾ ਦੇ ਮਨ ਵਿਚ ਆਪਣੇ (ਜਿਨਸੀ) ਪਿਆਰ ਦੀ ਜੋਤ ਜਗਾਉਣ ਤੋਂ ਬਾਅਦ ਕਿਦਾਰ ਪਿਛਾਂਹ ਪਰਤ ਜਾਂਦਾ ਹੈ।

ਅਜਿਹੀ ਜੋਤ ਦੇ ਜੱਗ ਪੈਣ ਦਾ ਪਤਾ ਉਨ੍ਹਾਂ ਪੜਾਵਾਂ ਤੋਂ ਲਗਦਾ ਹੈ ਜਿਨ੍ਹਾਂ ਵਿਚੋਂ ਵੀਣਾ



ਲੰਘਦੀ ਦਿਖਾਈ ਗਈ ਹੈ। ਵੀਣਾ, ਕਿਦਾਰ ਦੇ ਜਿਨਸੀ ਪਿਆਰ ਨੂੰ ਸਵੀਕਾਰ ਕਰਦੀ ਹੈ ਉਸ ਨਾਲ ਵਿਆਹ ਕਰਵਾਉਣ ਨੂੰ ਤਿਆਰ ਹੋ ਜਾਂਦੀ ਹੈ। ਕਿਦਾਰ ਆਪਣੇ ਪੈਰਾਂ ਤੋਂ ਥਿੜਕ ਜਾਂਦਾ ਹੈ। ਵੀਣਾ ਦੇ ਮੰਗੇਤਰ ਨਾਲ ਉਸ ਦੇ ਵਿਆਹ ਹੋਣ ਦਾ ਦਿਨ ਤੈ ਹੋ ਜਾਂਦਾ ਹੈ। ਘਰ ਵਿਚ ਗਹਿਮਾ-ਗਹਿਮੀ ਹੈ। ਪਰ ਵੀਣਾ ਦਾ ਮਨ ਇਸ ਰੌਣਕ ਵਿਚ ਖੁਭ ਨਹੀਂ ਸਕਿਆ। ਉਸ ਦਾ ਮਨ ਡਾਢਾ ਪਰੇਸ਼ਾਨ ਹੈ। ਵੀਣਾ ਦੇ ਮਨ ਵਿਚ ਇਕੋ ਸੱਧਰ ਹੈ : "ਸਿਰਫ਼ ਅਜ ਦਾ ਦਿਨ ਬਾਕੀ ਹੈ, ਦਿਨ ਚੜ੍ਹਦੇ ਹੀ ਮੈਂ ਕਿਸੇ ਹੋਰ ਘਰ ਵਲ ਜਾ ਰਹੀ ਹੋਵਾਂਗੀ, ਕੀ ਇਕ ਵਾਰੀ ਇਸ ਤੋਂ ਪਹਿਲਾਂ ਕਿਦਾਰ ਨੂੰ ਨਹੀਂ ਮਿਲ ਸਕਾਂਗੀ ?" (ਪੰਨਾ 117) ਵਿਆਹ ਦੀ ਸਵੇਰ ਤੋਂ ਪਹਿਲੀ ਰਾਤ ਦੇ ਦੋ ਵਜੇ ਵੀਣਾ ਬਹਾਨੇ ਨਾਲ ਕਿਦਾਰ ਨੂੰ ਬਰਸਾਤੀ ਵਿਚ ਮਿਲਦੀ ਹੈ। ਗੱਲਬਾਤ ਦੇ ਅੰਤਮ ਪੜਾਅ ਉਤੇ, 'ਕੋਈ ਦ੍ਰਿੜ ਫ਼ੈਸਲਾ ਕਰ ਕੇ', ਉਹ ਬੋਲ ਉਠੀ :

"ਮੈਂ ਉਹ ਲਫ਼ਜ਼ ਵਾਪਸ ਲੈਂਦੀ ਹਾਂ ਜਿਹੜਾ ਤੁਸਾਂ ਓਦਨ ਕਹਾਇਆ ਸੀ 'ਭਰਾ ਜੀ' ਕਹਿ ਕੇ ਸੱਦਾਂ। ਮੈਨੂੰ ਇਸ ਚੂੜੇ ਦੀ, ਇਸ ਗਾਨੇ ਦੀ ਕੋਈ ਪਰਵਾਹ ਨਹੀਂ। ਮੈਂ...ਮੈਂ ਤੁਹਾਡੇ ਨਾਲ..." ਪਰ ਕਿਦਾਰ ਕਿਤੇ ਨਹੀਂ ਸੀ—ਉਹ ਵਾਪਸ ਜਾ ਚੁਕਾ ਸੀ—ਪੰਨਾ 122।

ਵੀਣਾ ਡੋਲੀ ਚੜ੍ਹਦਿਆਂ ਤੋੜੀਂ ਕਿਦਾਰ ਨੂੰ ਪੁਛਦੀ ਰਹੀ। ਡੋਲੀ ਚੜ੍ਹਨ ਸਮੇਂ ਵੀਣਾ ਨੂੰ ਕਿਦਾਰ ਪ੍ਰਤੀ ਆਪਣੇ ਜਿਨਸੀ ਪਿਆਰ ਦੀ ਸ਼ਿੱਦਤ ਦਾ ਕਤੱਈ ਅਹਿਸਾਸ ਨਹੀਂ ਸੀ। ਇਹ ਅਹਿਸਾਸ ਸੁਹਾਗ ਰਾਤ ਨੂੰ, ਪਰੋਖ ਰੂਪ ਵਿਚ ਪ੍ਰਗਟ ਹੁੰਦਾ ਦਿਖਾਇਆ ਗਿਆ ਹੈ। "ਜਿਸ ਸੁਰੰਗੀ ਫੁਲ ਨੂੰ ਵੇਖਣ ਲਈ ਉਸ (ਵੀਣਾ) ਦੇ ਪਤੀ ਬ੍ਰਿਜ ਲਾਲ ਦੀਆਂ ਅੱਖਾਂ ਤਰਸ ਰਹੀਆਂ ਸਨ, ਉਹ ਫੁਲ ਇਸ ਵੇਲੇ ਉਸ ਦੇ ਸਾਹਮਣੇ ਸੀ, ਪਰ ਟਹਿਣੀ ਨਾਲੋਂ ਟੁੱਟਾ ਹੋਇਆ— ਮੁਰਝਾਈਆਂ ਪੰਖੜੀਆਂ ਵਾਲਾ।" "...ਵੀਣਾ ਇਸ ਵੇਲੇ ਸੱਚਮੁੱਚ ਉਹ ਵੀਣਾ ਸੀ, ਜਿਸ ਦੀਆਂ ਤਾਰਾਂ ਵੱਜਣ ਤੋਂ ਪਹਿਲਾਂ ਹੀ ਟੁੱਟ ਚੁਕੀਆਂ ਹੋਣ।" —ਪੰਨਾ 144।

ਬ੍ਰਿਜ ਲਾਲ ਲਈ ਇਹ ਵਸਾਲ ਤੋਂ ਸਖਣੀ ਸੁਹਾਗ-ਰਾਤ ਸੀ। ਬਾਅਦ ਵਿਚ ਵੀ ਉਸ ਨੂੰ ਇਹ ਰਾਤ ਨਸੀਬ ਨਹੀਂ ਹੋਈ। ਚੌਥੇ ਦਿਨ, ਵੀਣਾ, ਪੇਕੇ ਫੇਰਾ ਪਾਉਣ ਆਈ। ਪੇਕੇ ਘਰ ਵਿਚ ਹੀ ਰੱਬ ਨੂੰ ਪਿਆਰੀ ਹੋ ਗਈ।

ਪਹਿਲੇ ਕਿਸੀ ਦੇ ਮਨ ਵਿਚ ਆਪਣੇ ਪਿਆਰ ਦੀ ਭਾਵਨਾ ਨੂੰ ਉਜਾਗਰ ਕਰਨਾ ਅਤੇ ਫਿਰ ਉਸ ਦੀ ਪੂਰਤੀ (Fulfilment) ਕਰਨ ਤੋਂ ਗੁਰੇਜ਼ ਕਰਨਾ ਹੀ ਅਸਲ ਮਹਿਨਿਆਂ ਵਿਚ ਪਾਪ ਹੈ। ਕਿਦਾਰ ਇਨ੍ਹਾਂ ਅਰਥਾਂ ਵਿਚ ਹੀ ਪਾਪੀ ਹੈ ਜਿਸ ਦਾ ਉਸ ਨੂੰ ਅਹਿਸਾਸ ਹੀ ਨਹੀਂ। ਪੰਨਾ ਲਾਲ ਤੇ ਕਿਦਾਰ ਵਿਚਕਾਰ 'ਪਾਪ' ਤੇ 'ਪ੍ਰਾਸ਼ਚਿਤ' ਬਾਰੇ ਹੋਈ ਗਲਬਾਤ ਤੋਂ ਇਹ ਭੁਲੇਖਾ ਪੈ ਸਕਦਾ ਹੈ ਕਿ ਪੰਨਾ ਲਾਲ, ਸਾਡੀ ਉਪਰੋਕਤ ਦਿਤੀ ਗਈ ਪਾਪ ਕੀ ਪਰਿਭਾਸ਼ਾ ਵਲ ਹੀ ਸੰਕੇਤ ਕਰ ਰਿਹਾ ਹੈ। ਪੰਨਾ ਲਾਲ ਕਿਦਾਰ ਨੂੰ ਸੰਬੋਧਨ ਕਰਦਿਆਂ ਕਹਿੰਦਾ ਹੈ :

"ਪਹਿਲਾਂ ਦਸ, ਤੂੰ ਆਪਣਾ ਇਹ ਕੀ ਹਾਲ ਬਣਾ ਰਖਿਐ ?"

"ਇਹ ਉਸ ਪਾਪ ਦਾ ਪ੍ਰਾਸ਼ਚਿਤ ਹੈ ਭਾਪਾ ਜੀ ?"

"ਕਿਹੜੇ ਪਾਪ ਦਾ ?"

"ਜਿਹੜਾ ਮੈਂ ਕੀਤਾ ਸੀ, ਤੁਹਾਡਾ ਰੋਜ਼ਗਾਰ ਖੋਹ ਕੇ, ਤੁਹਾਨੂੰ ਮੌਤ ਦੇ ਮੂੰਹ ਵਿਚ ਧਕਣ ਦਾ।"

"ਉਹ ਤੇ ਕੋਈ ਪਾਪ ਨਹੀਂ ਸੀ — ਨਾ ਹੀ ਇਹ ਉਸ ਦਾ ਪ੍ਰਾਸ਼ਚਿਤ ਹੈ, ਪਰ ਇਕ ਹੋਰ

**ਪਾਪ ਤੇਰੇ ਕੋਲੋਂ** ਜ਼ਰੂਰ ਹੋਇਆ ਹੈ, ਸ਼ਾਇਦ ਉਸ ਦਾ ਪ੍ਰਾਸ਼ਚਿਤ ਹੋਵੇ।" ਤੇ ਪੰਨਾ ਲਾਲ ਦੀਆਂ ਅਖਾਂ ਤ੍ਰਿਬ੍ਹਢ ਹੋ ਗਈਆਂ।

"ਉਹ ਕੇਹੜਾ ਭਾਪਾ ਜੀ ?"

"ਫਿਰ, ਦਸਾਗਾਂ। ਪਹਿਲਾਂ...। — ਪੰਨਾ 155-156

... ... ...

"ਕਿਦਾਰ !" ਪੰਨਾ ਲਾਲ ਨੇ ਸਾਰੇ ਜ਼ਬਤ ਨਾਲ ਆਪਣੇ ਆਪ ਨੂੰ ਠਲ੍ਹ ਕੇ ਕਿਹਾ, "ਤੂੰ **ਵਿਚਾਰੀ ਵੀਣਾ ਦੀ ਜਾਨ ਲੈ ਲਈ**।" ਪੰਨਾ 158

ਪੰਨਾ ਲਾਲ ਤਾਂ ਪਿਤਾ ਹੋਣ ਦੇ ਨਾਤੇ. ਮਹਿਜ਼, ਆਪਣੀ ਲੜਕੀ ਦੀ ਮੌਤ ਵਲ ਹੀ ਇਸ਼ਾਰਾ ਕਰ ਰਿਹਾ ਸੀ।

4.

ਜਿਨਸੀ ਪਿਆਰ ਬਾਰੇ ਗ਼ਲਤ ਨਜ਼ਰੀਏ ਨੇ ਕਿਦਾਰ ਨੂੰ ਭਸਮ ਕਰ ਦਿਤਾ, ਵੀਣਾ ਦੀ ਜਾਨ ਲੈ ਲਈ। ਉਹਨਾਂ ਦੀ ਪ੍ਰਸੰਸਾ ਉਹਨਾਂ ਦੇ ਪੈਟੀ ਬੁਰਜੂਆ ਹੋਣ ਦਾ ਹੀ ਪ੍ਰਮਾਣ ਹੈ। ਪੈਟੀ ਬੁਰ-ਜੁਆਜ਼ੀ ਪਾਸ ਆਪਣਾ ਕੋਈ ਜੀਵਨ-ਦਰਸ਼ਨ ਨਹੀਂ ਹੁੰਦਾ ਜਿਸ ਦੇ ਅਨੁਰੂਪ ਉਸ ਨੇ ਸਮਾਜ ਦੀ ਉਸਾਰੀ ਕਰਨੀ ਹੁੰਦੀ ਹੈ। ਇਹ ਜਮਾਤ ਸਹੀ (genuine) ਸਮਸਿਆਵਾਂ ਪੇਸ਼ ਹੀ ਨਹੀਂ ਕਰਦੀ, ਕਿਉਂਕਿ, ਉਹ, ਜੀਵਨ ਦੀਆਂ ਸਹੀ ਸਮਸਿਆਵਾਂ ਦਾ ਸਾਹਮਣਾ ਕਰ ਸਕਣ ਦੇ ਸਮਰੱਥ ਹੀ ਨਹੀਂ ਹੁੰਦਾ। ਮਸਨੂਈ ਸਮਸਿਆਵਾਂ ਨੂੰ ਪੇਸ਼ ਕਰਨ ਵਿਚ ਹੀ ਤਾਕ ਹੁੰਦੀ ਹੈ। **ਮਸਨੂਈ ਸਮਸਿਆਵਾਂ ਨੂੰ ਰੋਚਕ/ਭਾਵਕ ਸ਼ੈਲੀ ਵਿਚ ਬਿਆਨ ਕਰਨ ਵਿਚ ਨਾਨਕ ਸਿੰਘ ਦਾ ਕੋਈ ਸਾਨੀ ਨਹੀਂ**। ਪਵਿਤਰ ਪਾਪੀ ਨਾਵਲ, ਇਸ ਪਖੋਂ, ਨਾਨਕ ਸਿੰਘ ਦੀ ਖਾਸ ਪ੍ਰਤਿਨਿਧ ਰਚਨਾ ਹੈ। ਆਪਣੇ ਪ੍ਰਸੰਸਕ ਪਾਠਕਾਂ ਦੀਆਂ ਮਾਨਸਿਕ/ਭਾਵੁਕ ਲੋੜਾਂ ਨੂੰ ਤ੍ਰਿਪਤ ਕਰਨ ਵਿਚ ਨਾਨਕ ਸਿੰਘ ਸਫ਼ਲ ਹੀ ਕਿਹਾ ਜਾਵੇਗਾ। ਨਾਨਕ ਸਿੰਘ ਨੂੰ ਸੁਹਿਰਦ ਕਹਿਣ ਵਿਚ ਵੀ ਉਸ ਨਾਲ ਕੋਈ ਰਿਆਇਤ ਨਹੀਂ। ਬਸ, **ਉਸ ਦੀ ਕਲਪਨਾ ਕੁਰਾਹੇ ਪਈ ਰਹੀ**, ਜਿਸ ਦੀਆਂ ਜੜ੍ਹਾਂ ਉਸ ਦੀ ਪੈਟੀ ਬੁਰਜੁਆ ਰਹਿਣੀ-ਬਹਿਣੀ ਅਤੇ ਉਸ ਨੂੰ ਪ੍ਰਾਪਤ ਸਭਿਆਚਾਰਕ ਵਿਰਸੇ ਵਿਚ ਸਨ।

---

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

●

**ਨੋਟ : ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 2-1-73 ਅਨੁਸਾਰ ਕਾਲਜਾਂ ਦੀਆਂ ਲਾਇਬਰੇਰੀਆਂ ਲਈ ਮੰਨਜ਼ੂਰ**



## "ਲਹੂ ਦੀ ਲੋਅ" ਬਾਰੇ

### ਮਤਾਂ ਕੋਈ ਭੁਲੇ :

ਭਗਵਾਨ ਸਿੰਘ ਜੋਸ਼ ਹੋਰੀਂ ਲਿਖਦੇ ਹਨ : "ਪਰ ਇਹ ਪੀਤੂ ਕੇਵਲ 'ਲਹੂ ਦੀ ਲੋਅ' ਕਰ ਸਕਦਾ ਹੈ। ਪੰਜਾਬੀ ਜ਼ਿੰਦਗੀ ਵਿਚ ਅਜੇ ਅਜਿਹੇ ਪੀਤੂ ਨੇ ਪੈਦਾ ਹੋਣਾ ਹੈ ਜੋ ਇਸ ਨਾਲ 'ਗਿਆਨ ਦੀ ਲੋਅ' ਵੀ ਮੇਲ ਸਕੇ। ਕੀ ਪੀਤੂ ਲਾਲ ਘੁਗੀਆਂ ਵਾਲੀ ਖੱਦਰ ਦੀ ਰਜਾਈ ਹੇਠੋਂ ਜਾਗੇਗਾ ?" (ਸੇਧ, ਜੁਲਾਈ, 1977, ਸਫ਼ਾ 44,) ਭਗਵਾਨ ਸਿੰਘ ਹੋਰਾਂ ਉਂਗਲ ਥਾਂ ਸਿਰ ਰਖੀ ਹੈ। ਘਾਟਾ ਹੈ ਮਾਰਕਸਵਾਦ ਨੂੰ ਵਰਨ ਦਾ। ਮਾਰਕਸਵਾਦੀ ਚੇਤਨਤਾ ਨੂੰ ਗ੍ਰਹਿਣ ਕਰਨ ਦਾ। ਆਰਥਕ, ਸਿਆਸੀ, ਵਿਚਾਰਧਾਰਕ, ਜਮਾਤੀ ਜਦੋ-ਜਹਿਦ ਰਾਹੀਂ ਸਮਾਜਕ ਸਥਿਤੀ ਦੇ ਅਨੁਸਾਰ ਮਾਰਕਸਵਾਦ ਨੂੰ ਉਸਾਰਨ ਦਾ ਤੇ ਉਸ ਦੇ ਸਰੂਪ ਹੋਣ ਦਾ। ਜਿਸ ਤਰ੍ਹਾਂ ਅਸੀਂ ਹੋਰਥੇ ਕਹਿ ਚੁਕੇ ਹਾਂ ਇਹ ਹੀ ਘਾਟਾ ਹੈ ਸੰਸਾਰ ਸਟੇਜ ਉਤੇ। ਸੰਸਾਰ ਸਟੇਜ ਉਤੇ ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜੀਂਦੀ ਉਸਾਰੀ ਹੋ ਚੁਕੀ ਹੈ, ਮਾਰਕਸਵਾਦ ਜਨਮ ਲੈ ਚੁਕਾ ਹੈ। ਸਮਾਜਕ ਵੇਗ ਸਮਾਜਵਾਦੀ ਇਨਕਲਾਬ ਨੂੰ, ਸਮਾਜਵਾਦ ਦੀ ਉਸਾਰੀ ਨੂੰ ਰਾਹ ਦੇਂਦਾ ਹੈ। ਵੱਖ ਵੱਖ ਸਮਾਜਾਂ ਵਿਚ ਚੇਤਨਤਾ ਤਾਂ ਸਥਾਨਕ ਕਾਬਜ ਸਮਾਜਕ ਰਿਸ਼ਤਿਆਂ ਦੇ ਅਨੁਸਾਰੀ ਹੀ ਹੈ ਪਰ ਘਾਟਾ ਹੈ ਉਸਾਰ ਵਿਚ, ਬੰਦੇ ਵਿਚ। ਘਾਟਾ ਹੈ ਆਰਥਕ, ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਦਾ।

'ਗਿਆਨ ਦੀ ਲੋਅ' ਦਾ ਅਰਥ ਸਮਾਜਕ ਵੇਗ ਦੀ ਨਿਰੀ ਦਿਮਾਗੀ ਸਮਝ ਹੀ ਨਹੀਂ। ਪਰੋਲਤਾਰੀ ਦੇ, ਮੇਹਨਤਕਸ਼ ਤਬਕੇ ਦੇ ਜਜ਼ਬੇ ਦੀ, ਮਨ ਦੇ ਵੇਗ ਦੀ, ਮਨ ਦੇ ਮਨੋਰਥਾਂ ਦੀ ਤਬਦੀਲੀ ਵੀ ਹੈ। ਪਰੋਲਤਾਰੀ ਦੇ ਪੈਂਤੜੇ ਦੀ ਕਲਚਰ ਦੀ ਉਸਾਰੀ ਵੀ ਹੈ। ਦੂਸਰੇ ਲਫ਼ਜ਼ਾਂ ਵਿਚ, **ਮੇਹਨਤਕਸ਼ ਤਬਕੇ ਦੇ ਦਿਲ ਤੇ ਦਿਮਾਗ, ਦੋਹਾਂ ਦੇ ਮਾਰਕਸਵਾਦੀ ਹੋਣ ਦਾ ਸਵਾਲ ਹੈ**। ਗੱਲ ਇਹ ਨਹੀਂ ਕਿ ਪੰਜਾਬ ਦੇ ਮੇਹਨਤਕਸ਼ ਤਬਕੇ ਦਾ, ਜਾਂ ਸੰਸਾਰ ਦੇ ਮੇਹਨਤਕਸ਼ ਤਬਕੇ ਦਾ ਦਿਲ, ਮਨ ਦਾ ਵੇਗ ਤਾਂ ਟਿਕਾਣੇ ਸਿਰ ਪਹੁੰਚ ਗਿਆ ਹੈ ਸਿਰਫ਼ ਦਿਮਾਗ ਤੇ ਉਸ ਦੀ ਸਮਝ ਹੀ ਪਛੜੇ ਹੋਏ ਹਨ। ਦਿਲ ਤੇ ਦਿਮਾਗ ਦੋਹਾਂ ਵਿਚ ਪਿਛਲੇ ਨਿਜ਼ਾਮਾਂ ਦਾ, ਖ਼ਾਸ ਕਰ ਸਰਮਾਏਦਾਰੀ ਦਾ ਪਾਇਆ ਗੰਦ ਭਰਿਆ ਹੋਇਆ ਹੈ। ਸਾਰੇ ਨੂੰ ਝਾੜੂ ਦੇ ਕੇ ਦਿਲ ਦਿਮਾਗ ਨੂੰ ਸਾਫ਼ ਕਰਨਾ ਲਾਜ਼ਮੀ ਹੈ। **ਤੇ ਝਾੜੂ ਹੈ ਬੁਰਜਵਾ ਸਮਾਜ ਦੇ ਖੜੇ ਕੀਤੇ ਅੰਦਰੂਨੀ ਵਿਰੋਧ ਦੇ ਪ੍ਰਸੰਗ ਵਿਚ ਉਸ ਦੇ ਹਲ ਵਾਸਤੇ ਕੀਤੀ ਜਮਾਤੀ ਜਦੋ-ਜਹਿਦ**, (ਇਸ ਵਾਸਤੇ ਹੀ **ਸੇਧ** ਦੇ ਸਫ਼ਿਆਂ ਵਿਚ ਮੁਢੋਂ ਹੀ ਜਮਾਤੀ ਜਦੋ-ਜਹਿਦ 'ਤੇ ਜ਼ੋਰ ਦਿੱਤਾ ਜਾਂਦਾ ਰਿਹਾ ਹੈ ਅਤੇ ਜਮਾਤੀ ਜਦੋ-ਜਹਿਦ ਦਾ ਅਰਥ ਦੱਸਿਆ ਜਾਂਦਾ ਰਿਹਾ ਹੈ। ਜ਼ੋਰ ਦਿਤਾ ਜਾਂਦਾ ਰਿਹਾ ਹੈ ਕਲਚਰਲ ਇਨਕਲਾਬ ਦੀ ਲੋੜ 'ਤੇ) **ਆਰਥਕ ਸਿਆਸੀ ਜਦੋ-ਜਹਿਦ ਦੇ ਨਾਲ ਨਾਲ ਵਿਚਾਰਧਾਰਕ ਜਮਾਤੀ ਜਦੋ-ਜਹਿਦ ਵੀ**।

ਇਹ ਕਈ ਵਾਰ ਸਪਸ਼ਟ ਕੀਤਾ ਜਾ ਚੁਕਿਆ ਹੈ ਕਿ ਅਜ ਬੰਦੇ ਦੀ, ਸਰਬਤ ਦੀ ਆਜ਼ਾਦੀ ਦੀ ਜੰਗ ਚੇਤੰਨ ਆਰਥਕ ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਰਾਹੀਂ ਹੀ ਲੜੀ ਜਾ ਸਕਦੀ ਹੈ, ਅਤੇ ਅਜ ਜਮਾਤੀ ਜਦੋ-ਜਹਿਦ ਦਾ ਪ੍ਰਗਟਾ ਹੈ—ਮਾਰਕਸਵਾਦ ਤੇ ਉਸ ਦਾ ਸੰਕਲਪੀ

ਮੁਹਾਵਰਾ । ਭਗਵਾਨ ਸਿੰਘ ਹੋਰੀਂ ਲਿਖਦੇ ਹਨ : "ਕਹਿਣ ਦਾ ਭਾਵ ਇਹ ਹੈ ਕਿ ਇਹ ਸਾਰੇ ਪਾਤਰ ਉਬਲਦੀਆਂ ਭਾਵਨਾਵਾਂ ਥੱਲੇ ਸੰਕਟ ਦੀ ਘੜੀ ਆਪਣੇ ਖਾੜਕੂ ਭੂਤ (ਜੋ ਗੁਰਬਾਣੀ ਦਾ ਮਨੁੱਖਵਾਦ ਤੇ ਜੱਟਵਾਦ ਦਾ ਮਿਲਗੋਭਾ ਹੈ) ਨੂੰ ਯਾਦ ਕਰਦੇ ਹਨ ।" (ਉਹੀ, ਸਫ਼ਾ 44) ਭਗਵਾਨ ਸਿੰਘ ਹੋਰੀਂ ਇਹਨਾਂ ਪਾਤਰਾਂ ਦੇ "ਖਾੜਕੂ ਭੂਤ" ਦੀ ਵਿਆਖਿਆ ਕਰਦੇ ਹਨ—'ਗੁਰਬਾਣੀ ਦਾ ਮਨੁੱਖਵਾਦ ਤੇ ਜੱਟਵਾਦ ਦਾ ਮਿਲਗੋਭਾ ।' ਇਹਨਾਂ ਦੀ ਇਹ ਕੀਤੀ ਵਿਆਖਿਆ ਮਾਰਕਸਵਾਦ ਦੇ, ਜਮਾਤੀ ਚੇਤਨਤਾ ਦੇ ਨੁਕਤੇ ਤੋਂ ਸਾਨੂੰ ਕਿਤੇ ਪਹੁੰਚਾਉਂਦੀ ਨਹੀਂ । ਮਾਰਕਸਵਾਦੀ ਸੰਕਲਪੀ ਮੁਹਾਵਰਾ ਕੀ ਹੈ ? ਜਮਾਤ, ਜਮਾਤੀ ਪੈਂਤੜਾ, ਜਮਾਤੀ ਹਿੱਤ, ਪੈਦਾਵਾਰ ਦਾ ਰੂਪ, ਪੈਦਾਵਾਰ ਦੇ ਰਿਸ਼ਤਿਆਂ ਦਾ, ਸਮਾਜਕ ਰਿਸ਼ਤਿਆਂ ਦਾ ਖ਼ਾਸ ਪੈਟਰਨ ਆਦਿ । ਗੁਰਬਾਣੀ ਮਜ਼ਬੀ ਰਚਨਾ ਹੈ । ਮਜ਼ਬ ਹੈ । ਇਹ ਕਿਹੜੀ ਜਮਾਤ ਹੈ ? ਕਿਹੜੀ ਜਮਾਤ ਦਾ ਹਿੱਤ, ਕਿਹੜੀ ਜਮਾਤ ਦਾ ਪੈਂਤੜਾ ਹੈ ? ਇਸ ਦਾ ਮਨੁੱਖਵਾਦ ਸਮਾਜ ਦੀ ਕਿਹੜੀ ਜਮਾਤ ਦਾ ਹਿੱਤ ਹੈ ? ਜੋ ਬੰਦਾ 'ਗੁਰਬਾਣੀ ਦੇ ਮਨੁੱਖਵਾਦ' ਨਾਲ ਸਿੰਜਿਆ ਹੋਇਆ ਹੈ ਉਹ ਕਿਹੜੀ ਜਮਾਤ ਦੇ ਪੈਂਤੜੇ 'ਤੇ ਖੜਾ ਹੈ ? ਏਸੇ ਤਰ੍ਹਾਂ ਹੀ ਜੱਟਊਣਪੁਣਾ, ਖੱਤਰਊਪੁਣਾ ਜੱਟਾਂ, ਖ਼ਤਰੀਆਂ ਦੇ ਮਨਾਂ ਵਿਚ ਜਜ਼ਬੇ, ਤਅੱਸਬ ਹਨ ਜੋ ਅਜ ਦੇ ਸਮਾਜਕ ਪ੍ਰਸੰਗ ਵਿਚ ਕਿਸੇ ਖ਼ਾਸ ਜਮਾਤੀ ਪੈਂਤੜੇ ਦੇ ਹਿੱਤੀ ਹਨ, ਕਿਸੇ ਦੇ ਵਿਰੋਧੀ ਹਨ । ਜਿਸ ਜਮਾਤੀ ਪੈਂਤੜੇ ਦੇ ਹਿੱਤੀ ਹਨ ਉਸ ਦੀ ਕਲਚਰ ਦਾ ਅੰਗ ਹਨ, ਉਸ ਦਾ ਪੱਖ ਪੂਰਦੇ ਹਨ । ਸਮਝਣ ਸਮਝਾਉਣ ਵਾਲੀ ਗੱਲ ਹੀ ਇਹ ਹੈ ਕਿ ਪੰਜਾਬ ਦੇ ਮੇਹਨਤਕਸ਼ ਤਬਕੇ ਦੇ ਮਨ ਦਾ ਜੋ ਵੇਗ ਹੈ, ਜੋ ਜਜ਼ਬੇ ਉਸ ਦੇ ਮਨ ਵਿਚ ਪ੍ਰਬਲ ਹਨ ਤੇ ਜੋ ਉਸ ਨੂੰ ਚਲਾਉਂਦੇ ਹਨ, **ਅਜ ਦੇ ਪ੍ਰਸੰਗ ਵਿਚ ਉਹ ਉਸ ਨੂੰ ਭੁਗਤਾਉਂਦੇ ਕਿਹੜੇ ਜਮਾਤੀ ਪੈਂਤੜੇ 'ਤੇ ਹਨ ? ਉਸ ਦੇ ਆਪਣੇ ਹਿੱਤ ਦੇ ਪੈਂਤੜੇ 'ਤੇ ਭੁਗਤਾਉਂਦੇ ਹਨ ਜਾਂ ਉਸ ਨੂੰ ਨੱਥ ਕੇ ਹਾਕਮ ਜਮਾਤ ਦੇ ਪੈਂਤੜੇ 'ਤੇ ਭੁਗਤਾ ਰਹੇ ਹਨ ?** ਸੋ ਜਦੋਂ ਵੀ ਉਸਾਰ ਦੇ ਕਿਸੇ ਅੰਗ ਦੀ ਗੱਲ ਕੀਤੀ ਜਾਵੇ ਉਸ ਦੇ ਜਮਾਤੀ ਪੈਂਤੜੇ ਨੂੰ ਸਾਫ਼ ਕਰਨ ਤੋਂ ਬਗੈਰ ਗੱਲ ਕਿਤੇ ਪਹੁੰਚਦੀ ਨਹੀਂ । ਤੀਰ ਥਾਂ ਸਿਰ ਉਦੋਂ ਹੀ ਵਜਦਾ ਹੈ ਜਦੋਂ ਕਿਸੇ ਜਜ਼ਬੇ ਦਾ, ਕਿਸੇ ਸੰਸਥਾ ਦਾ, ਕਲਚਰ ਦੇ ਕਿਸੇ ਅੰਗ ਦਾ ਜਮਾਤੀ ਪੈਂਤੜਾ ਸਪਸ਼ਟ ਕੀਤਾ ਜਾਵੇ ।

ਇਸ ਦੀ ਕਿੰਨੀ ਕੁ ਅਹਿਮੀਅਤ ਹੈ—ਮਿਸਾਲ ਲਿਆਂ ਨੁਕਤਾ ਸਾਫ਼ ਹੋ ਜਾਵੇਗਾ । ਮਾਰਕਸਵਾਦੀ ਲਹਿਰ ਦਾ ਇਤਿਹਾਸਕ ਅਨੁਭਵ ਦਸਦਾ ਹੈ ਕਿ ਸਮਾਜਵਾਦੀ ਇਨਕਲਾਬ ਦੇ ਮਗਰੋਂ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਅਧੀਨ ਵੀ ਅਫ਼ਸਰਸ਼ਾਹੀ ਪੈਦਾ ਹੋਣੀ ਸ਼ੁਰੂ ਹੋ ਗਈ । ਕਾਬਜ਼ ਕਮਿਊਨਿਸਟ ਪਾਰਟੀ ਫ਼ੌਰੀ ਤੌਰ 'ਤੇ ਅਫ਼ਸਰਸ਼ਾਹੀ ਦਾ ਮਾਰਕਸਵਾਦੀ ਵਿਸ਼ਲੇਸ਼ਨ ਕਰਨੋਂ, ਉਸ ਦਾ ਜਮਾਤੀ ਅਸਲਾ ਸਮਝਣੋਂ ਅਸਮਰੱਥ ਰਹੀ । ਪਾਰਟੀ ਦਾ ਕੋਈ ਲੀਡਰ ਇਸ ਨੂੰ ਜ਼ਾਤੀ ਸੁਭਾਅ ਦਾ ਭੈੜ, ਉਸ ਦੀ ਊਣ ਹੀ ਸਮਝਦਾ ਰਿਹਾ, ਕੋਈ ਸਮਾਜ ਦੇ ਕਲਚਰਲ ਪਛੜੇਂਵੇਂ ਦੇ ਸਿਰ ਮੜ੍ਹਦਾ ਰਿਹਾ, ਕੋਈ ਇਹ ਹੀ ਸਮਝਦਾ ਰਿਹਾ ਕਿ ਇਹ ਪੈਦਾਵਾਰ ਦੀਆਂ ਸ਼ਕਤੀਆਂ ਦੇ ਪਛੜੇਪਨ ਦਾ ਨਤੀਜਾ ਹੈ ਅਤੇ ਜਦੋਂ ਉਹਨਾਂ ਦੀ ਲੋੜੀਂਦੀ ਉਸਾਰੀ ਹੋ ਜਾਵੇਗੀ ਤਾਂ ਇਹ ਬੀਮਾਰੀ ਆਪਣੇ ਆਪ ਦੂਰ ਹੋ ਜਾਵੇਗੀ । ਪਾਰਟੀ ਬਤੌਰ ਪਾਰਟੀ ਇਹ ਨਾ ਸਮਝ ਸਕੀ ਕਿ ਪਰੋਲਤਾਰੀ ਦੇ ਪੈਂਤੜੇ ਦੀ ਅਫ਼ਸਰ-ਸ਼ਾਹੀ ਮੁਮਕਿਨ ਹੀ ਨਹੀਂ ਹੈ । ਪਰੋਲਤਾਰੀ ਅਮਲ ਤੇ ਸਮਾਜਵਾਦੀ ਰਿਸ਼ਤੇ ਅਫ਼ਸਰਸ਼ਾਹੀ ਨੂੰ ਜਨਮ ਦੇ ਹੀ ਨਹੀਂ ਸਕਦੇ । ਅਤੇ ਕਿ ਇਹ ਅਫ਼ਸਰਸ਼ਾਹੀ ਦਾ ਪੈਦਾ ਹੋਣਾ ਬੁਰਜਵਾਜ਼ੀ ਦਾ ਪੈਰ-ਪਸਾਰਾ ਹੈ ਅਤੇ ਇਹ ਜਮਾਤਾਂ ਦੀ ਤਾਕਤ ਦਾ ਤਵਾਜ਼ਨ ਹੈ ਅਤੇ ਇਸ ਦਾ ਹਲ ਜਮਾਤੀ ਜਦੋ-ਜਹਿਦ ਵਿਚ



ਹੈ । ਜੇ ਅਫ਼ਸਰਸ਼ਾਹੀ ਦੇ ਜਮਾਤੀ ਅਸਲੇ ਦਾ ਪਾਰਟੀ ਨੂੰ ਮੁਢੋਂ ਹੀ ਅਹਿਸਾਸ ਹੋ ਜਾਂਦਾ ਤਾਂ ਇਸ ਨੂੰ ਖ਼ਤਮ ਕਰਨ ਦਾ ਉਸ ਨੂੰ ਸਹੀ ਰਾਹ ਦਿਸ ਪੈਂਦਾ । ਇਸ ਗਿਆਨ ਨੇ ਆਪਣੇ ਆਪ ਤਾਂ ਕੁਛ ਨਹੀਂ ਸੀ ਕਰ ਲੈਣਾ । ਪਰ ਜੇ ਪਾਰਟੀ ਵਿਚ ਪਰੋਲਤਾਰੀ ਅਸਲਾ ਅਜੇ ਪ੍ਰਬਲ ਹੁੰਦਾ ਤਾਂ ਪਾਰਟੀ ਇਸ ਗਿਆਨ ਦੇ ਵਿਖਾਏ ਰਾਹ ਨਾਲ ਅਫ਼ਸਰਸ਼ਾਹੀ ਦੇ ਖ਼ਿਲਾਫ਼ ਜਮਾਤੀ ਜਦੋ-ਜਹਿਦ ਵਿਢਦੀ । ਇਸ ਜਦੋ-ਜਹਿਦ ਨਾਲ ਜਮਾਤਾਂ ਦੀ ਤਾਕਤ ਦਾ ਆਪਸ ਵਿਚ ਤਵਾਜ਼ਨ ਬਦਲਦਾ, ਪਰੋਲਤਾਰੀ ਦੇ ਹੱਕ ਵਿਚ ਹੁੰਦਾ । ਬੁਰਜਵਾਜ਼ੀ ਦੇ ਪੈਂਤੜੇ ਦੇ ਮਜ਼ਬੂਤ ਹੋਣ ਵਿਚ ਰੁਕਾਵਟ ਪੈਂਦੀ । ਬੁਰਜਵਾ ਰਿਸ਼ਤਿਆਂ ਉਤੇ ਸੱਟ ਵਜਦੀ । ਅਫ਼ਸਰਸ਼ਾਹੀ ਦਾ ਸਹੀ ਮਾਰਕਸਵਾਦੀ ਵਿਸ਼ਲੇਸ਼ਨ ਨਾ ਹੋਣ ਕਰਕੇ ਇਸ ਦੇ ਵਿਰੁਧ ਜੋ ਜਮਾਤੀ ਜਦੋ-ਜਹਿਦ ਮੁਮਕਿਨ ਸੀ ਉਹ ਨਾ ਹੋ ਸਕੀ ਅਤੇ ਇਹ ਬੀਮਾਰੀ ਵਧਦੀ ਗਈ ਤੇ ਅੰਤ ਲਾ-ਇਲਾਜ ਹੋ ਗਈ । ਹੁੰਦੀ ਹੁੰਦੀ ਅਫ਼ਸਰਸ਼ਾਹੀ ਰਾਜ-ਪ੍ਰਬੰਧ ਵਿਚ ਹੀ ਮਹਿਦੂਦ ਨਾ ਰਹੀ, ਪਾਰਟੀ ਦੇ ਅੰਦਰ ਵੀ ਆ ਵੜੀ ।

ਪਾਰਟੀ ਦੇ ਅੰਦਰ ਅਫ਼ਸਰਸ਼ਾਹੀ ਦੇ ਪ੍ਰਵੇਸ਼ ਕਰਨ ਦਾ ਕੀ ਮਤਲਬ ਹੈ ? ਮਤਲਬ ਹੈ ਕਿ ਰਾਜ-ਪ੍ਰਬੰਧ ਵਿਚ ਹੀ ਨਹੀਂ, ਪਾਰਟੀ ਦੇ ਵਿਚ ਵੀ ਰਿਸ਼ਤੇ ਬੁਰਜਵਾ ਹੋ ਗਏ । ਜਦੋਂ ਰਾਜ-ਪ੍ਰਬੰਧ ਦੇ ਨਾਲ ਪਾਰਟੀ ਵਿਚ ਰਿਸ਼ਤੇ ਬੁਰਜਵਾ ਹੋ ਗਏ ਤਾਂ ਇਹਨਾਂ ਰਿਸ਼ਤਿਆਂ ਦੇ ਵਿਰੁਧ ਜਮਾਤੀ ਜਦੋ-ਜਹਿਦ ਕਰਵਾਉਣੀ ਕਿਸ ਨੇ ਸੀ ? ਜਮਾਤੀ ਜਦੋ-ਜਹਿਦ ਹੋਈ ਨਾ ਅਤੇ ਬੁਰਜਵਾ ਰਿਸ਼ਤਿਆਂ ਤਾਂ ਬੁਰਜਵਾਜ਼ੀ ਹੀ ਪੈਦਾ ਕਰਨੀ ਸੀ, ਸੋ ਕੀਤੀ । ਨਤੀਜਾ ਇਹ ਹੋਇਆ ਕਿ ਹੁੰਦੇ ਹੁੰਦੇ ਪਾਰਟੀ ਤੇ ਰਾਜ-ਪ੍ਰਬੰਧ, ਦੋਹਾਂ ਵਿਚ ਤਾਕਤ ਪਰੋਲਤਾਰੀ ਦੇ ਹੱਥੋਂ ਖਿਸਕ ਕੇ ਬੁਰਜਵਾਜ਼ੀ ਦੇ ਹੱਥ ਆ ਗਈ । ਸਮਾਜ ਵਿਚ ਡਿਕਟੇਟਰਸ਼ਿਪ ਪਰੋਲਤਾਰੀ ਦੀ ਨਾ ਰਹੀ, ਬੁਰਜਵਾਜ਼ੀ ਦੀ ਹੋ ਗਈ । ਫਾਰਮੇਸ਼ਨ ਹੀ ਬੁਰਜਵਾ ਹੋ ਗਈ । ਸੋ ਜਟਊਣਪੁਣਾ ਹੋਵੇ ਭਾਵੇਂ ਖਤਰਊਪੁਣਾ, ਮਜ਼ਬ ਹੋਵੇ ਜਾਂ ਕਲਚਰ ਦਾ ਕੋਈ ਅੰਗ, ਗੱਲ ਕੀ ਉਸਾਰ ਦੇ ਹਰ ਅੰਗ ਦਾ ਮਾਰਕਸਵਾਦੀ ਵਿਸ਼ਲੇਸ਼ਨ ਹੋਣਾ ਲਾਜ਼ਮੀ ਹੈ । ਸਾਫ਼ ਸਮਝ ਆਉਣੀ ਚਾਹੀਦੀ ਹੈ ਕਿ ਉਹ ਕਿਸ ਜਮਾਤੀ ਪੈਂਤੜੇ ਦੀ ਪ੍ਰਤੀਨਿਧਤਾ ਕਰਦਾ ਹੈ ? ਕਿਸ ਜਮਾਤੀ ਹਿੱਤ ਦਾ ਸੰਦ ਹੈ ?

ਭਗਵਾਨ ਸਿੰਘ ਹੋਰੀਂ ਲਿਖਦੇ ਹਨ : "ਪੰਜਾਬੀ ਮਾਨਸਕਤਾ ਦੇ ਸਭਿਆਚਾਰਕ ਤਜਰਬੇ 'ਤੇ ਜੋ ਛਾਪ ਲੱਗੀ ਹੈ ਉਹ ਕੇਵਲ ਉਸ ਤਬਦੀਲੀ ਦੀ ਹੈ ਜੋ ਬਾਰ ਬਾਰ ਉਨ੍ਹਾਂ ਦੇ ਜੀਵਨ ਵਿਚ ਬਾਹਰੋਂ ਅਚਾਨਕ ਕਿਸੇ ਨਾ ਕਿਸੇ ਯੋਧੇ ਦੇ ਆਉਣ ਨਾਲ (ਹੋਰ ਭੀ ਉਠਸੀ ਮਰਦ ਕਾ ਚੇਲਾ) ਲਗਾਤਾਰ ਵਾਪਰਦੀ ਰਹੀ ਹੈ ।" "ਹੋਰੁ ਭੀ ਉਠਸੀ ਮਰਦ ਕਾ ਚੇਲਾ" (ਗੁਰੂ ਨਾਨਕ, ਸਫ਼ਾ 723) ਦਾ ਜੋ ਅਰਥ ਭਗਵਾਨ ਸਿੰਘ ਹੋਰਾਂ ਕਢਿਆ ਹੈ ਉਹ ਉਸ ਨੇ ਨਹੀਂ ਸੀ ਕਢਿਆ ਜੋ ਮਰਦ ਕਾ ਚੇਲਾ ਉਠਿਆ ਸੀ । ਉਸ ਨੇ ਤਾਂ ਕਿਹਾ ਸੀ :

ਯੁਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘਓਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਵਿਦਿਯਾ ਲਈ ਇਨਹੀ ਕੀ ਕ੍ਰਿਪਾ ਸਭ ਸੱਤ੍ਰ ਮਰੇ ॥
ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈ ਨਹੀਂ ਮੋ ਸੋ ਗਰੀਬ ਕਰੋਰ ਪਰੇ ॥

—'ਖ਼ਾਲਸਾ ਮਹਿਮਾ', ਦਸਮ ਗ੍ਰੰਥ, ਪੰਨਾ 645

ਉਹ 'ਮਰਦ ਕਾ ਚੇਲਾ' ਨਾ ਬਾਹਰੋਂ ਆਇਆ ਸੀ ਤੇ ਨਾ ਹੀ ਅਚਾਨਕ । ਨਾ ਉਸ ਨੇ ਆਪਣੇ ਆਪ ਨੂੰ ਬਾਹਰਲਾ ਸਮਝਿਆ ਸੀ । ਸਗੋਂ ਉਸ ਨੇ ਤਾਂ ਆਪਣੇ ਆਪ ਨੂੰ ਫ਼ੀਊਡਲ ਦੇ ਵਿਰੁਧ ਉਠਦੇ

ਮੁਲੱਖਈਏ ਦੀ ਸਿਰਜਣਾ ਸਮਝਿਆ ਸੀ। ਉਸ ਵੇਲੇ ਵੀ ਸਮਾਜ ਦੀ ਤੋਰ ਡਾਇਲੈਕਟਿਕ ਸੀ। ਸਮਾਜ ਵਿਚ ਵਿਰੋਧੀ ਜਮਾਤਾਂ ਸਨ, ਜਮਾਤੀ ਜਦੋ-ਜਹਿਦ ਵੀ ਸੀ, ਅਤੇ ਕਾਬਜ਼ ਫੀਊਡਲ ਦੇ ਵਿਰੁਧ ਮਹਿਕੂਮ ਬਾਰ ਬਾਰ ਉਠੇ ਵੀ ਸਨ।

"The revolutionary opposition to feudalism was alive throughout all the Middle Ages. According to the conditions of the time, it appeared in the form of mysticism, as open heresy, or as armed insurrection". Engels, *The Peasant War in Germany*, New York, 1926, p. 52.

ਪਰ ਚੂੰਕਿ ਕਿਸਾਨੀ ਬਗ਼ਾਵਤ ਆਪਣੇ ਆਪ ਨਵੇਂ ਨਿਜ਼ਾਮ ਨੂੰ ਜਨਮ ਦੇਣੋਂ ਹਰ ਥਾਂ ਅਸਮਰੱਥ ਰਹੀ, ਸੋ ਏਥੇ ਵੀ ਅਸਮਰੱਥ ਰਹੀ ਅਤੇ ਬਾਰ ਬਾਰ ਫੀਊਡਲ ਨਿਜ਼ਾਮ ਹੀ ਸਥਾਪਤ ਹੁੰਦਾ ਆਇਆ।

ਮਾਰਕਸਵਾਦ ਨੇ ਅੰਤ ਪਰੋਲਤਾਰੀ ਦੇ ਸੰਸਾਰ ਸਟੇਜ 'ਤੇ ਆਇਆਂ ਹੀ ਜਨਮ ਲੈਣਾ ਸੀ। 'ਪੰਜਾਬ ਦੀ ਮਾਨਸਕਤਾ' ਦੀ ਜਾਂ ਕਿਸੇ ਦੇ 'ਬੋਧਕ ਸੰਸਾਰ' ਦੀ ਵਿਆਖਿਆ ਤਾਂ ਹੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਦਾ ਵਿਸ਼ਾ, ਅੰਗ ਬਣਦੀ ਹੈ ਜੇ ਉਸ ਦੀ ਆਰਥਕ ਜਮਾਤੀ ਭੋਂ ਸਪਸ਼ਟ ਵਿਖਾਈ ਜਾਵੇ, ਜੇ ਉਸ ਨੂੰ ਉਸ ਦੀ ਨੀਂਹ 'ਤੇ ਖੜਾ ਕੀਤਾ ਜਾਵੇ। ਭਗਵਾਨ ਸਿੰਘ ਹੋਰੀਂ ਕਹਿੰਦੇ ਹਨ: "ਪੰਜਾਬ ਦੀ ਮਾਨਸਕਤਾ ਦੀ ਖ਼ਾਸੀਅਤ ਇਹ ਹੈ ਕਿ ਇਹ ਤਬਦੀਲੀ ਦੇ ਸੰਕਲਪ ਨੂੰ ਇਕ ਦਾਇਰੇ ਦੇ ਰੂਪ ਵਿਚ ਲੈਂਦੀ ਹੈ।" ਇਉਂ ਕਿਹਾਂ ਗੱਲ ਮੁਕ ਨਹੀਂ ਜਾਂਦੀ। ਸਮਝ ਆਉਣੀ ਚਾਹੀਦੀ ਹੈ ਕਿ ਜੋ ਇਹ ਕਹਿਦੇ ਹਨ ਜੇ ਉਹ ਸਹੀ ਹੈ ਤਾਂ ਉਹ ਕਿਸ ਨੀਂਹ ਦਾ ਉਸਾਰ ਹੈ, ਕਿਸ ਆਰਥਕ ਸਮਾਜਕ ਫਾਰਮੇਸ਼ਨ ਦੀ ਸਿਰਜਣਾ ਹੈ ਤੇ ਕਿਸ ਤਰ੍ਹਾਂ? ਉਹ ਇਹ ਵੀ ਲਿਖਦੇ ਹਨ: "ਇਸ ਮਾਨਸਕਤਾ ਵਿਚ ਪਿਛਲਾ ਇਤਿਹਾਸ ਇਕ recollection ਦੇ ਤੌਰ 'ਤੇ ਮੌਜੂਦ ਹੈ, ਬੌਧਿਕ ਤੌਰ 'ਤੇ reconstruct ਨਹੀਂ ਹੋਇਆ।" ਪੰਜਾਬ ਦੀ 'ਮਾਨਸਕਤਾ' ਬਾਬਤ ਗੱਲ ਨੂੰ ਲਮਕਾਉਣ ਦੀ ਲੋੜ ਨਹੀਂ। ਇਤਨਾ ਕਹਿਣਾ ਹੀ ਕਾਫ਼ੀ ਹੈ ਕਿ ਵਸੋਂ ਦੀ 'ਮਾਨਸਕ' ਬਣਤਰ, ਵਸੋਂ ਦੇ ਇਤਿਹਾਸਕ ਅਨੁਭਵ ਦੇ ਪ੍ਰਸੰਗ ਵਿਚ, ਕਾਬਜ਼ ਸਮਾਜਕ ਰਿਸ਼ਤਿਆਂ 'ਤੇ ਨਿਰਭਰ ਹੁੰਦੀ ਹੈ। ਉਹਨਾਂ ਦੀ ਸਿਰਜਣਾ ਹੁੰਦੀ ਹੈ। ਮਾਰਕਸਵਾਦੀ ਨਜ਼ਰੀਏ ਤੋਂ ਵਿਚਾਰਧਾਰਕ ਜਮਾਤੀ ਜਦੋ-ਜਹਿਦ ਹੋਣ ਤੋਂ ਬਗੈਰ 'ਮਾਨਸਕਤਾ' ਦੀ ਵੰਨਗੀ ਵੇਖਣੀ ਹੈ ਤਾਂ ਤੁਰਗਨੇਵ ਵੀ 'ਵਰਜਨ ਸਾਇਲ' ਵਿਚ ਜਾਂ ਪੱਛਮੀ ਸਰਮਾਏਦਾਰੀ ਦੇ ਮੁਲਕਾਂ ਦੇ ਖਾਣ ਪੀਣ ਤੇ ਉਜਾੜੇ (consumerism) ਦੇ ਸਮਾਜਾਂ ਵਿਚ ਵੇਖੀ ਜਾ ਸਕਦੀ ਹੈ। ਉਹ ਮਾਨਸਕਤਾ ਮਾਰਕਸਵਾਦ ਦੇ ਕਿੰਨੀ ਕੁ ਮੁਆਫ਼ਿਕ ਹੈ? ਇਹ ਹਰ ਇਕ ਨੂੰ ਸਪਸ਼ਟ ਹੋਣਾ ਚਾਹੀਦਾ ਹੈ ਕਿ ਜਿੰਨਾਂ ਚਿਰ ਸਮਾਜਵਾਦੀ ਸਮਾਜਕ ਰਿਸ਼ਤੇ ਸਥਾਪਤ ਨਹੀਂ ਹੁੰਦੇ, ਜਿੰਨਾ ਚਿਰ ਬੁਰਜਵਾ ਜਾਂ ਫੀਊਡਲ ਰਿਸ਼ਤੇ ਕਾਬਜ਼ ਹਨ ਇਹ ਮਾਨਸਕਤਾ ਹੋਰ ਹੋ ਕਿਸ ਤਰ੍ਹਾਂ ਸਕਦੀ ਹੈ? **ਇਸ ਵਾਸਤੇ ਹੀ ਆਰਥਕ ਸਿਆਸੀ ਜਮਾਤੀ ਜਦੋ-ਜਹਿਦ ਦੇ ਨਾਲ ਵਿਚਾਰਧਾਰਕ ਜਮਾਤੀ ਜਦੋ-ਜਹਿਦ ਲਾਜ਼ਮੀ ਹੈ। ਇਸ ਵਾਸਤੇ ਹੀ ਇਨਕਲਾਬ ਦੇ ਢੇਰ ਚਿਰ ਮਗਰੋਂ ਤਕ ਵੀ ਇਕ ਦੀ ਨਹੀਂ, ਦੋ ਦੀ ਨਹੀਂ, ਲੜੀ ਦੇ ਲੜੀ ਕਲਚਰਲ ਇਨਕਲਾਬਾਂ ਦੀ ਲੋੜ ਹੈ।**

ਜੇ ਪੰਜਾਬ ਦੀ ਮਾਨਸਕਤਾ ਉਹ ਹੀ ਹੈ ਜੋ ਭਗਵਾਨ ਸਿੰਘ ਹੋਰੀਂ ਕਹਿੰਦੇ ਹਨ ਤਾਂ ਕਸੂਰ ਕਿਸ ਦਾ ਹੈ? ਸਿਵਾਏ ਮਾਰਕਸਵਾਦ ਤੋਂ ਇਹ ਬਦਲਣੀ ਕਿਸ ਨੇ ਸੀ? ਜੇ ਇਤਿਹਾਸ reconstruct ਨਹੀਂ ਹੋਇਆ, ਤਾਂ ਸਪਸ਼ਟ ਹੀ ਮਾਰਕਸਵਾਦੀ ਆਪਣੇ ਕੰਮ ਵਿਚ ਪਛੜੇ ਹੋਏ



ਹਨ? ਉਹਨਾਂ ਤੋਂ ਬਗੈਰ ਇਹ ਕੰਮ ਕਰਨੇ ਕਿਸ ਨੇ ਹਨ? ਨਾਲੇ ਪਾਰਟੀ ਦੇ ਕਾਡਰਾਂ ਤੇ ਆਮ ਵਸੋਂ ਦੀ 'ਮਾਨਸਕਤਾ' ਦੀ ਗੱਲ ਨਿਖੇੜ ਕੇ ਕਰਨੀ ਚਾਹੀਦਾ ਹੈ। ਵਸੋਂ ਦੀ ਤਾਂ ਚਲੇਗੀ ਇਨਕਲਾਬ ਤੋਂ ਵੀ ਕਈ ਪੀਹੜੀਆਂ ਮਗਰੋਂ ਤਕ। ਵੈਸੇ ਕਾਡਰ ਦੀ ਬਣਤਰ ਵੀ ਕਿਸੇ ਫ਼ੈਕਟਰੀ ਤੋਂ ਬਣ ਕੇ ਨਹੀਂ ਆ ਜਾਣੀ। ਲੋਕਾਂ ਕੋਲੋਂ ਕਾਬਜ਼ ਨਿਜ਼ਾਮ ਦੇ ਵਿਰੁਧ ਆਰਥਕ, ਸਿਆਸੀ, ਵਿਚਾਰਧਾਰਕ ਜਦੋ ਜਹਿਦਾਂ ਕਰਵਾਉਂਦਿਆਂ, ਉਨ੍ਹਾਂ ਦੀਆਂ ਜਦੋ-ਜਹਿਦਾਂ ਦੀ ਅਗਵਾਈ ਕਰਦਿਆਂ ਹੀ ਬਣਨੀ ਹੈ। ਇਹ ਵੀ ਗੱਲ ਨਹੀਂ ਕਿ ਮੇਹਨਤਕਸ਼ ਤਬਕੇ ਨੇ ਮਾਰਕਸਵਾਦ ਦੇ ਅਨੁਸਾਰ ਸੁੱਧਾ ਸੋਨਾ ਹੋ ਕੇ ਹੀ ਸਮਾਜਵਾਦੀ ਇਨਕਲਾਬ ਵਾਸਤੇ ਲੜਨਾ ਹੈ। ਮਾਰਕਸਵਾਦ ਇਹ ਨਹੀਂ ਕਹਿੰਦਾ ਕਿ ਪਹਿਲਾਂ ਮੁਲੱਖਈਆ ਲਾਜ਼ਮੀ ਨਾਸਤਕ ਹੋਵੇ, ਮਜ਼੍ਹਬ ਨੂੰ ਪੂਰਨ ਤੌਰ 'ਤੇ ਤਲਾਂਜਲੀ ਦੇਵੇ, ਤਾਂ ਹੀ ਉਹ ਸਮਾਜਵਾਦ ਵਾਸਤੇ ਲੜ ਸਕਦਾ ਹੈ। ਪਾਰਟੀ ਦੇ ਕਾਡਰ ਦੀ ਗੱਲ ਹੋਰ ਹੈ। ਇਨਕਲਾਬ ਵਾਸਤੇ ਤਾਂ ਲਾਜ਼ਮੀ ਗੱਲ ਇਹ ਹੈ ਕਿ ਸਮਾਜ ਦਾ ਮੇਹਨਤਕਸ਼ ਤਬਕਾ, ਜਾਂ ਉਸ ਦਾ ਕਾਫ਼ੀ ਹਿੱਸਾ ਸਹੀ ਮਾਰਕਸਵਾਦੀ ਪਾਰਟੀ ਦੀ ਸਿਆਸੀ ਅਗਵਾਈ ਮੰਨੇ ਤੇ ਵਿਚਾਰਧਾਰਕ ਤੌਰ 'ਤੇ ਮਾਰਕਸਵਾਦ ਦੀਆਂ ਮੋਟੀਆਂ ਮੋਟੀਆਂ ਲੀਹਾਂ ਤੋਂ ਜਾਣੂ ਹੋਵੇ ਤੇ ਉਹਨਾਂ ਨੂੰ ਸੱਚ ਸਮਝੇ, ਆਪਣੀ ਤੇ ਸਾਰੇ ਸਮਾਜ ਦੀ ਨਿਜਾਤ ਜਮਾਤੀ ਜਦੋ-ਜਹਿਦ ਵਿਚ ਵੇਖੇ।

ਪੀਤੂ ਬਲਵਿੰਦਰ ਨੂੰ "ਹੁਣ ਹਥਿਆਰ ਚੁਕ ਕੇ ਸਿੱਖੀ ਨੂੰ ਲਾਜ ਨਾ ਲਾਈਂ।" (ਉਹੀ, ਸਫ਼ਾ 44) ਇਸ ਨੁਕਤੇ ਬਾਬਤ ਵੀ ਸਾਫ਼ ਹੋਣਾ ਜ਼ਰੂਰੀ ਹੈ। ਨਕਸਲਬਾੜੀਏ ਆਪਣਾ ਨਿਸ਼ਾਨਾ ਜਾਂ ਆਪਣੀ ਵਿਚਾਰਧਾਰਾ, ਜਾਂ ਨਜ਼ਰੀਆ ਸਿੱਖੀ ਜਾਂ ਗੁਰਬਾਣੀ ਕੋਲੋਂ ਨਹੀਂ ਲੇ ਦੇ। ਆਪਣਾ ਨਿਸ਼ਾਨਾ, ਆਪਣੀ ਕਰਨੀ ਦੀ ਲਾਈਨ ਉਹ ਲੈਂਦੇ ਹਨ ਨਕਸਲਵਾਦ ਤੋਂ, ਉਸ ਤੋਂ ਜਿਸ ਨੂੰ ਉਹ ਮਾਰਕਸਵਾਦ ਸਮਝਦੇ ਹਨ। ਉਹ ਆਪਣੇ 'ਖਾੜਕੂ ਭੂਤ' ਨੂੰ, ਸਿੱਖੀ ਨੂੰ ਯਾਦ ਕਦੋਂ ਕਰਦੇ ਹਨ? 'ਸੰਕਟ ਦੀ ਘੜੀ' ਵੇਲੇ। ਕਾਹਦੇ ਵਾਸਤੇ? ਸਿੱਖੀ ਦੀ ਬੋਲੀ ਵਿਚ 'ਮੇਰਾ ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭੇ।' ਆਪਣੇ ਆਪ ਨੂੰ ਮਜ਼ਬੂਤ ਕਰਨ ਵਾਸਤੇ ਕਿ ਜੋ ਨਿਸ਼ਾਨਾ ਆਪਣੇ ਮਾਰਕਸਵਾਦ ਕੋਲੋਂ ਸਿਖਿਆ ਹੈ ਤੇ ਉਸ 'ਤੇ ਪਹੁੰਚਣ ਵਾਸਤੇ ਉਸ ਮਾਰਕਸਵਾਦ ਦੇ ਅਨੁਸਾਰ ਕਰਨੀ ਦੀ ਜੋ ਲਾਈਨ ਲਈ ਹੈ ਉਹ ਸਿਰ ਤੱਕ, ਸੁਆਸਾਂ ਤਕ ਤੋੜ ਨਿਭੇ। ਕਿਸੇ ਜ਼ਾਤੀ ਕੰਮਜ਼ੋਰੀ ਕਰਕੇ ਦੁਹਾਟਿਉਂ ਨਾ ਟਟ ਜਾਈਏ ਉਸ। ਨਿਸ਼ਾਨੇ ਵਾਸਤੇ ਸਿਰ ਧੜ ਦੀ ਲਾ ਜਾਈਏ। ਏਥੇ ਆਪਣਾ ਇਤਿਹਾਸਕ ਅਨੁਭਵ, ਭੂਤ, ਹੁਣ ਦੇ ਨਿਸ਼ਾਨੇ ਵਾਸਤੇ ਵਰਤਿਆ ਜਾ ਰਿਹਾ ਹੈ। ਵਰਤਣ ਵਾਲਾ ਆਪਣੀ ਕਰਨੀ ਵਿਚ ਭੂਤ-ਮੁਖੀ ਨਹੀਂ ਹੋ ਰਿਹਾ।

ਸਵਾਲ ਸਿਰਫ਼ ਹੁਣ ਏਥੇ ਇਹ ਰਹਿ ਗਿਆ ਕਿ ਆਪਣੇ ਹੁਣ ਦੇ ਨਿਸ਼ਾਨੇ ਦੀ ਪੂਰਤੀ ਵਾਸਤੇ ਕੀ ਆਪਣੇ ਇਤਿਹਾਸ ਦੀ, ਆਪਣੇ ਇਤਿਹਾਸਕ ਅਨੁਭਵ ਦੀ, ਭੂਤ ਦੀ ਵਰਤੋਂ ਕਰਨਾ ਸਹੀ ਹੈ ਜਾਂ ਗਲਤ ਹੈ? ਲਾਹੇਵੰਦੀ ਹੈ ਜਾਂ ਘਾਟੇਵੰਦੀ? ਭਗਵਾਨ ਸਿੰਘ ਹੋਰੀਂ ਲਿਖਦੇ ਹਨ: "ਉਨ੍ਹਾਂ ਨੇ ਵਾਰਿਸ ਦੀ ਤੁੱਕ ਵਿਚ ਸ਼ਬਦ ਫ਼ਕੀਰ ਕਢ ਕੇ ਸ਼ਹੀਦ ਪਾ ਦਿਤਾ। ਬਸ 'ਹੋਕਾ ਫਿਰੇ ਦਿੰਦਾ ਪਿੰਡਾਂ ਵਿਚ ਸਾਰੇ, ਆਓ ਕਿਸੇ ਸ਼ਹੀਦ ਹੁਣ ਹੋਵਣਾ ਜੇ।' ਇੰਜ ਉਹਨਾਂ ਦੇ ਬੌਧਿਕ ਸੰਸਾਰ ਵਿਚ ਕੇਵਲ ਇਕ ਹੋਰ ਸ਼ਬਦ 'ਇਨਕਲਾਬ' ਹੀ ਦਾਖਿਲ ਹੁੰਦਾ ਹੈ। ਬਾਕੀ ਸਭ ਕੁਛ ਪੁਰਾਣਾ ਹੀ ਹੈ।" (ਉਹੀ, ਸਫ਼ਾ 44) ਏਥੇ ਵੀ ਭਗਵਾਨ ਸਿੰਘ ਹੋਰੀਂ ਸ਼ਾਇਦ ਟਪਲਾ ਖਾ ਗਏ ਹਨ। ਸੇਧ ਦੇ ਸਫ਼ਿਆਂ ਵਿਚ ਅਸਾਂ ਧਿਆਨ ਦੁਆਇਆ ਸੀ ਕਿ ਜਮਾਤੀ ਸਮਾਜ ਵਿਚ, ਬੁਰਜਵਾ ਸਮਾਜ ਵਿਚ ਪੈਸੇ ਦੀ ਤਾਕਤ ਦਾ ਜ਼ਿਕਰ ਕਰਦਿਆਂ ਮਾਰਕਸ ਨੇ ਸ਼ੈਕਸਪੀਅਰ ਤੇ ਗੇਟੇ ਦੀਆਂ ਟੂਕਾਂ ਦੇਕੇ ਉਹਨਾਂ ਦੀ ਵਿਆਖਿਆ

ਹੀ ਕੀਤੀ ਹੈ ਤੇ ਉਸ ਨੇ ਸਮਾਜ ਵਿਚ ਪੈਸੇ ਦੀ ਤਾਕਤ ਬਾਬਤ ਆਪਣੀ ਵਿਆਖਿਆ ਸੰਪੂਰਨ ਸਮਝੀ ਹੈ। ਕੀ ਸ਼ੇਕਸਪੀਅਰ ਦੀਆਂ ਟੂਕਾਂ ਦੇਣ ਤੇ ਉਹਨਾਂ ਦੀ ਵਿਆਖਿਆ 'ਤੇ ਬਸ ਕਰਨ ਵਿਚ ਮਾਰਕਸ ਸੋਹਲਵੀਂ ਸਦੀ ਦਾ ਪੁਰਾਤਣ ਬੰਦਾ ਬਣ ਗਿਆ। ਨਹੀਂ। ਇਹ ਸ਼ੇਕਸਪੀਅਰ ਤੇ ਵਾਰਿਸ ਸ਼ਾਹ ਦੀ ਵਡਿਆਈ ਹੈ ਕਿ ਉਹਨਾਂ ਦੀ ਕੀਤੀ ਕਾਵਿਕ ਜਨਰਲਾਈਜ਼ੇਸ਼ਨ ਹੁਣ ਦੇ ਸਮਾਜ 'ਤੇ ਹੁਣ, ਦੀ ਸਮਾਜਕ ਦਸ਼ਾ 'ਤੇ ਵੀ ਲਾਗੂ ਹੈ। ਜੇ ਸ਼ੇਕਸਪੀਅਰ ਦੀ ਟੂਕ ਨੂੰ ਵਰਤਦਾ ਮਾਰਕਸ ਪੁਰਾਤਣ ਨਹੀਂ ਹੋ ਗਿਆ ਤਾਂ ਵਾਰਿਸ ਸ਼ਾਹ ਦੀ ਲਾਈਨ ਵਰਤਦੇ ਨਕਸਲਵਾਦੀਏ ਵੀ ਪੁਰਾਤਣ ਨਹੀਂ ਹੋ ਗਏ। ਮਹਾਨ ਸਾਹਿਤਕਾਰ ਜੋ ਕਾਵਿਕ ਜਨਰਲਾਈਜ਼ੇਸ਼ਨਾਂ ਕਰ ਜਾਂਦੇ ਹਨ, ਕਰਦੇ ਤਾਂ ਉਹ ਆਪਣੀ ਸਮਾਜਕ ਅਸਲੀਅਤ ਤੋਂ ਹਨ ਪਰ ਉਹ ਲਾਗੂ ਹੁੰਦੀਆਂ ਹਨ, ਹੁੰਦੀਆਂ ਰਹਿੰਦੀਆਂ ਹਨ ਬੜੇ ਵਿਸ਼ਾਲ ਦਾਇਰੇ ਵਿਚ। ਏਸੇ ਵਿਚ ਹੀ ਮਹਾਨ ਸਾਹਿਤ ਦੀ ਮਹਾਨਤਾ ਹੁੰਦੀ ਹੈ, ਤੇ ਇਸ ਵਾਸਤੇ ਹੀ ਉਹ ਅਮਰ ਹੁੰਦਾ ਹੈ ਕਿ ਉਸ ਦਾ ਦਿੱਤਾ ਅਨੁਭਵ ਜ਼ਿੰਦਗੀ ਉਤੇ ਹਮੇਸ਼ਾਂ ਲਾਗੂ ਰਹਿੰਦਾ ਹੈ। ਸ਼ੇਕਸਪੀਅਰ ਤੇ ਵਾਰਿਸ ਸ਼ਾਹ ਪੁਰਾਣੇ ਨਾ ਥੀਏ।

ਪੁਜੀਸ਼ਨ ਡਾਇਲੈਕਟਿਕ ਹੈ। ਡਾਇਲੈਕਟਿਕ ਦੀ ਇਕ ਜੁਜ਼ ਇਹ ਹੈ ਕਿ ਪਹੁੰਚਣਾ ਭਾਵੇਂ ਕਿਤੇ ਹੈ ਤੁਰਨਾ ਤਾਂ ਅੰਤ ਸਮਕਾਲੀ ਸਮਾਜਕ ਅਸਲੀਅਤ ਤੋਂ ਹੀ ਹੈ—ਜੋ ਸਮਾਜਕ ਰਿਸ਼ਤੇ ਕਾਬਜ਼ ਹਨ ਉਹਨਾਂ ਤੋਂ ਅਤੇ ਜੋ ਉਹਨਾਂ ਦੀ ਸਿਰਜੀ ਵਸੋਂ ਦੀ ਮਨੁਖੀ ਬਣਤਰ ਹੈ ਉਸ ਤੋਂ। ਜੋ ਅਸਲੀਅਤ ਨੂੰ ਨਜ਼ਰ-ਅੰਦਾਜ਼ ਕਰ ਜਾਵੇ, ਜਿਸ ਦੇ ਪੈਰ ਅਸਲੀਅਤ ਤੋਂ ਉਖੜ ਜਾਣ ਤੇ ਜੋ ਹਵਾ ਵਿਚ ਹੀ ਤਲਵਾਰਾਂ ਮਾਰਨ ਲਗ ਪਵੇ ਉਹ ਲਾਜ਼ਮੀ ਮੂਧੇ-ਮੂੰਹ ਹੀ ਡਿੱਗਦਾ ਹੈ। ਪਰ ਅਸਲੀਅਤ ਤੋਂ ਤੁਰਨ ਦਾ ਇਹ ਮਤਲਬ ਨਹੀਂ ਕਿ ਜੋ ਹੈ ਉਸ 'ਤੇ ਸੰਤੁਸ਼ਟ ਹੋ ਬਹਿਣਾ ਹੈ। ਡਾਇਲੈਕਟਿਕ ਦੀ ਦੂਸਰੀ ਜੁਜ਼ ਇਹ ਹੈ ਕਿ ਕਾਬਜ਼ ਸਮਾਜਕ ਰਿਸ਼ਤਿਆਂ ਤੇ ਉਹਨਾਂ ਦੀ ਸਿਰਜੀ ਮਨੁਖੀ ਬਣਤਰ ਨੂੰ ਬਦਲਣਾ ਹੈ ਤੇ ਦੋਹਾਂ ਨੂੰ ਸਮਾਜਵਾਦੀ ਬਣਾਉਣਾ ਹੈ। ਇਸ ਵਾਸਤੇ ਹੀ ਬੁਨਿਆਦੀ ਗੱਲ ਆਰਥਕ ਸਿਆਸੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਹੈ।

ਇਥੇ ਹੀ ਬਸ ਨਹੀਂ। ਭਗਵਾਨ ਸਿੰਘ ਹੋਰਾਂ ਨੇ ਕਹੀ ਡੂੰਘੀ ਮਾਰੀ ਹੈ। ਲਿਖਦੇ ਹਨ: "ਇਨ੍ਹਾਂ ਸੰਕਲਪਾਂ ਵਿਚ ਆਪਸੀ-ਭੇੜ ਤੇ ਵਿਕਾਸ ਨਹੀਂ, ਸਗੋਂ ਸੇਧ-ਹੀਨ ਸਹਿਹੋਂਦ ਹੈ। ਅਜਿਹੀ ਮਾਨਸਕਤਾ ਵਿਚ ਆਸ਼ਕ, ਮਰਦ ਦਲੇਰ, ਰਾਂਝਾ, ਮਿਰਜ਼ਾ, ਗੁਰੂ ਗੋਬਿੰਦ, ਮਾਓ, ਲੈਨਿਨ ਸਭ ਇਕ ਥਾਂ ਰਲਗੱਡ ਹੀ ਨਹੀਂ ਸਗੋਂ ਇਕ ਦੂਸਰੇ ਤੋਂ ਵਖਰਾਉਣ ਤੋਂ ਵੀ ਅਸਮਰੱਥ ਹਨ।" (ਉਹੀ, ਸਫ਼ਾ 39) ਆਸ਼ਕ, ਦਰਵੇਸ਼, ਸੰਤ ਭਗਤ ਤੇ ਗੁਰਮੁਖ ਆਦਿ ਮਾਰਕਸ ਤੇ ਲੈਨਿਨ ਤੇ ਮਾਓ ਦੇ ਮਾਰਕਸਵਾਦੀਆਂ ਨਾਲੋਂ ਵਖ ਤਾਂ ਹਨ ਹੀ। ਆਸ਼ਕਾਂ, ਦਰਵੇਸ਼ਾਂ ਦਾ ਸਮਾਜਕ ਪ੍ਰਸੰਗ ਫ਼ੀਊਡਲ ਸੀ। ਉਹਨਾਂ ਦੀ ਵਿਚਾਰਧਾਰਾ ਮਜ਼੍ਹਬੀ ਸੀ। ਪਰ ਸਵਾਲ ਇਹ ਹੈ ਕਿ ਕੀ ਆਸ਼ਕਾਂ ਦਰਵੇਸ਼ਾਂ ਦੀ ਮਾਰਕਸਵਾਦੀਆਂ ਨਾਲ ਕੋਈ ਸਾਂਝ ਹੈ? ਕੀ ਉਹ ਸਾਰੇ ਕਿਸੇ ਨੁਕਤੇ ਤੋਂ ਵੀ ਇਕ ਲਾਈਨ ਵਿਚ ਖੜੋ ਸਕਦੇ ਹਨ? ਮਾਰਕਸਵਾਦੀਆਂ ਦੀ ਆਸ਼ਕਾਂ, ਦਰਵੇਸ਼ਾਂ ਨਾਲ ਸਾਂਝ ਹੈ ਅਤੇ ਹੈ ਵੀ ਪੱਕੀ ਤੇ ਬੁਨਿਆਦੀ। ਸਾਂਝ ਹੈ ਜਮਾਤੀ ਪੈਂਤੜੇ ਦੀ। ਆਪੋ ਆਪਣੇ ਕਾਬਜ ਨਿਜ਼ਾਮ, ਜਮਾਤੀ ਸਮਾਜ ਤੋਂ ਸਭ ਨਾਬਰ ਹਨ ਤੇ ਨਾਬਰ ਹਨ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ। ਮਰ ਮਿਟਦੇ ਹਨ ਪਰ ਜਮਾਤੀ ਸਮਾਜ ਦੀ, ਕਾਬਜ਼ ਨਿਜ਼ਾਮ ਦੀ ਈਨ ਨਹੀਂ ਮੰਨਦੇ। ਉਸ ਦੇ ਅਨੁਸਾਰੀ ਹੋਕੇ ਨਹੀਂ ਤੁਰਦੇ। ਨਹੀਂ ਤੁਰ ਸਕਦੇ। ਵਿਚਾਰਧਾਰਾਵਾਂ ਦੇ ਵੱਖ ਵੱਖ ਹੋਣ ਦੇ ਬਾਵਜੂਦ ਇਹ ਸਭ ਆਜ਼ਾਦ ਮਨੁਖ ਹਨ ਅਤੇ ਆਜ਼ਾਦ ਇਸ ਵਾਸਤੇ ਹਨ ਕਿ ਸਰਬਤ ਦੀ ਆਜ਼ਾਦੀ ਵਾਸਤੇ ਜੂਝਦੇ ਹਨ ਅਤੇ



ਇਸ ਜੂਝਣ ਵਿਚ ਹੀ ਉਹ ਆਪਣੀ ਅਸਲ ਜ਼ਿਦਗੀ, ਆਪਣੀ ਸਫ਼ਲਤਾ ਸਮਝਦੇ ਹਨ।

ਇਸ ਪ੍ਰਸੰਗ ਵਿਚ ਭਗਵਾਨ ਸਿੰਘ ਹੋਰਾਂ ਦਾ ਵਰਤਿਆ ਲਫ਼ਜ਼ 'ਰਲਗੱਡ' ਅਰਥ-ਭਰਪੂਰ ਹੈ। ਉਹਨਾਂ ਦੀ ਇਸ ਲਫ਼ਜ਼ ਦੀ ਵਰਤੋਂ ਤੋਂ ਲਗਦਾ ਹੈ ਕਿ ਉਹਨਾਂ ਦੇ ਮੁਤਾਬਿਕ ਮਾਰਕਸਵਾਦੀਆਂ ਦਾ ਆਸ਼ਕਾਂ, ਦਰਵੇਸ਼ਾਂ ਨਾਲ ਸੰਗ ਮਾਰਕਸਵਾਦੀਆਂ ਨੂੰ ਨਿਰਸ ਬਣਾਉਂਦਾ ਹੈ। ਸ਼ਾਇਦ ਉਹ ਮਾਰਕਸਵਾਦੀਆਂ ਦੀ ਇਹਨਾਂ ਹੋ ਗੁਜ਼ਰਿਆਂ ਨਾਲੋਂ ਤੀਲੇ-ਤੋੜ ਹੋਈ ਚਾਹੁੰਦੇ ਹਨ। ਆਪਣੇ ਨੋਟ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਉਹਨਾਂ ਮਾਰਕਸ ਦੀ ਲੰਮੀ ਟੂਕ ਦਿੱਤੀ ਹੈ। ਕਿਸ ਵਾਸਤੇ? ਮਾਰਕਸ-ਵਾਦੀਆਂ ਦੀ ਹੋ ਗੁਜ਼ਰਿਆਂ ਨਾਲੋਂ ਤੀਲੇ-ਤੋੜ ਕਰਾਉਣ ਵਾਸਤੇ, ਦਲੀਲ ਵਜੋਂ। ਉਹ ਪਾਠਕਾਂ ਦਾ ਧਿਆਨ ਮਾਰਕਸ ਦੀ ਦਿਤੀ ਟੂਕ ਦੇ ਅਖ਼ੀਰਲੇ ਪੈਰੇ ਵਲ ਦਿਵਾਉਣਾ ਚਾਹੁੰਦੇ ਹਨ ਅਤੇ ਨਤੀਜਾ ਕਢਾਉਣਾ ਚਾਹੁੰਦੇ ਹਨ ਕਿ ਸਮਾਜਵਾਦੀ ਇਨਕਲਾਬ ਨੂੰ ਹੋ ਗੁਜ਼ਰਿਆਂ ਦੀਆਂ, ਮਰਿਆਂ ਦੀਆਂ ਮੜ੍ਹੀਆਂ ਫੋਲਣਾ ਕਿਸੇ ਨੁਕਤੇ ਤੋਂ ਵੀ ਨਹੀਂ ਪੁਗਦਾ। ਭੂਤ ਵਿਚ, ਹੋ ਗੁਜ਼ਰਿਆਂ ਇਤਿਹਾਸਕ ਦੌਰਾਂ ਵਿਚ, ਲੋਕਾਂ ਦੀਆਂ, ਦੱਬੀਆਂ ਜਮਾਤਾਂ ਦੀਆਂ ਆਪਣੀ ਆਜ਼ਾਦੀ ਵਾਸਤੇ ਕੀਤੀਆਂ ਜਦੋ-ਜਹਿਦਾਂ ਦੇ ਇਤਿਹਾਸਕ ਅਨੁਭਵ ਦਾ, ਉਹਨਾਂ ਦੀ ਯਾਦ ਦਾ ਸਮਾਜਵਾਦੀ ਇਨਕਲਾਬ ਲਿਆਉਣ ਵਾਸਤੇ ਕੋਡੀ ਭਰ ਵੀ ਲਾਭ ਨਹੀਂ। ਇਸ ਇਨਕਲਾਬ ਨੂੰ ਲਿਆਉਣ ਦਾ ਵੇਗ ਸਾਰੇ ਭੂਤ ਨੂੰ ਜਿੰਦਰਾ ਮਾਰਿਆ ਹੀ ਲੋੜਦਾ ਹੈ। ਨੰਗੇ ਮੁੰਗੇ ਲਫ਼ਜ਼ਾਂ ਵਿਚ, ਸਮਾਜਵਾਦੀ ਇਨਕਲਾਬ ਲਿਆਉਣ ਵਾਸਤੇ ਭਗਵਾਨ ਸਿੰਘ ਹੋਰੀਂ ਇਤਿਹਾਸ ਦੇ ਵਿਚਾਰਧਾਰਕ ਰੋਲ ਨੂੰ ਬੇਦਖ਼ਲ ਕਰਦੇ ਹਨ।

ਵੇਖਣ ਵਾਲੀ ਗੱਲ ਇਹ ਹੈ ਕਿ ਕੀ ਭਗਵਾਨ ਸਿੰਘ ਹੋਰਾਂ ਜੋ ਮਾਰਕਸ ਦੀ ਟੂਕ ਦਿਤੀ ਹੈ ਅਤੇ ਜਿਸ ਵਲ ਉਹ ਧਿਆਨ ਦਿਵਾਉਣਾ ਚਾਹੁੰਦੇ ਹਨ ਉਸ ਨੂੰ ਆਪ ਸਹੀ ਸਮਝਿਆ ਹੈ? ਬਿਲਕੁਲ ਨਹੀਂ। ਉਹਨਾਂ ਏਸ ਨੁਕਤੇ ਵਲ ਧਿਆਨ ਹੀ ਨਹੀਂ ਦਿਤਾ ਕਿ ਮਾਰਕਸ ਏਥੇ ਗੱਲ ਕਰ ਰਿਹਾ ਹੈ ਸਮਾਜਵਾਦੀ ਇਨਕਲਾਬ ਦੀ ਵਸਤੂ (content) ਦੀ, ਹੋਰ ਕਾਸੇ ਦੀ ਨਹੀਂ, ਅਤੇ ਨਿਖੇੜ ਰਿਹਾ ਹੈ ਇਸ ਨੁਕਤੇ ਬਾਬਤ, ਉਸ ਨੂੰ ਬੁਰਜਵਾ ਇਨਕਲਾਬਾਂ ਨਾਲੋਂ। ਲੋਕਾਂ ਦੀਆਂ ਆਪਣੀ ਆਜ਼ਾਦੀ ਵਾਸਤੇ ਕੀਤੀਆਂ ਜਦੋ-ਜਹਿਦ ਦੇ ਰੋਲ ਦੀ, ਜਾਂ ਇਸ ਇਨਕਲਾਬ ਵਿਚ ਇਤਿਹਾਸ ਦੇ ਵਿਚਾਰ-ਧਾਰਕ ਰੋਲ ਦੀ ਏਥੇ ਗੱਲ ਹੀ ਨਹੀਂ ਹੋ ਰਹੀ। ਇਕ ਲਫ਼ਜ਼ ਵਿਚ ਕਹਿਣਾ ਹੋਵੇ ਤਾਂ ਮਾਰਕਸ ਏਥੇ ਇਹ ਕਹਿ ਰਿਹਾ ਹੈ ਕਿ ਬੁਰਜਵਾ ਇਨਕਲਾਬ ਨੂੰ ਆਪਣੀ ਜਿੱਤ ਵਾਸਤੇ ਓਪਰਾ ਪਹਿਰਾਵਾ ਪਹਿਨਣ ਦੀ, ਓਪਰਾ ਮੁਹਾਵਰਾ ਵਰਤਣ ਦੀ ਮਜਬੂਰੀ ਹੈ। ਇਸ ਦੇ ਵਿਰੁਧ ਪਰੋਲਤਾਰੀ ਇਨਕਲਾਬ ਨੂੰ ਇਸ ਨੁਕਤੇ ਬਾਬਤ ਕਿਸੇ ਦੀ ਮਸ਼ੰਦਗੀ ਨਹੀਂ। ਉਸ ਨੂੰ ਨਾ ਕਿਸੇ ਹੋਰ ਦਾ ਪਹਿਰਾਵਾ ਪਹਿਨਣ ਦੀ ਲੋੜ ਹੈ ਅਤੇ ਨਾ ਹੀ ਕਿਸੇ ਹੋਰ ਦਾ ਮੁਹਾਂਦਰਾ ਲੈਣ ਦੀ। ਇਹ ਨਿਸ਼ੰਗ ਹੋ ਕੇ ਆਪਣੇ ਅਸਲੀ ਰੂਪ ਵਿਚ ਲੜਦਾ, ਆਪਣਾ ਮੁਹਾਵਰਾ ਬੋਲਦਾ, ਕਾਮਯਾਬ ਹੁੰਦਾ ਹੈ। ਭਗਵਾਨ ਸਿੰਘ ਹੋਰੀਂ ਮਾਰਕਸ ਦੀ ਟੂਕ ਦਾ ਅਹਿਮ ਹਿੱਸਾ ਛੱਡ ਹੀ ਗਏ ਹਨ।

"Consideration of this conjuring up of the dead of world history reveals at once a salient difference. Camille Desmoulins, Danton, Robespierre, Saint-Just, Nepoleon, the heroes as well as the parties and the masses of the old French Revolution, performed the task of their time in Roman costume and with Roman phrases, the task of unchaining and setting up modern *bourgeois* society. The first ones knocked the feudal basis to pieces and mowed off the feudal heads which had grown on it. The other created inside France the conditions under which alone free competition could be developed, parcelled

landed property exploited and the unchained industrial productive power of the nation employed; and beyond the French borders he everywhere swept the feudal institutions away, so far as was necessary to furnish bourgeois society in France with a suitable up-to-date environment on the European Continent. The new social formation once established, the antediluvian Colossi disappeared and with them resurrected Romanity — the Brutuses, Gracchi, Publicolas, the tribunes, the senators, and Caesar himself. Bourgeois society in its sober reality had begotten its true interpreters and mouthpieces in the Says, Cousins, Royer-Collards, Benjamin Constants and Guizots; its real military leaders sat behind the office desks, and the hogheaded Louis XVIII was its political chief. Wholly absorbed in the production of wealth and in peaceful competitive struggle, it no longer comprehended that ghosts from the days of Rome had watched over its cradle But unheroic as bourgeois society is; it nevertheless took heroism, sacrifice, terror, civil war and battles of peoples to bring it into being. And in the classically austere traditions of the Roman republic its gladiators found the ideals & the art forms, the self-deceptions that they needed in order to conceal from themselves the bourgeois limitations of the content of their struggles and to keep their enthusiasm on the high plane of the great historical tragedy. Similarly, at anot her stage of development, a century earlier, Cromwell and the English people had borrowed speech, passions & illusions from the old Testament for their bourgeois revolution. When the real aim had been achieved, when the bourgeois transformation of Englisn society had been accomplished, Locke supplanted Habakkuk.

Thus the awakening of the dead in those revolutions served the purpose of glorifying the new struggles, not of parodying the old, of magnifying the given task in imagination, not of fleeing from its solution in reality, of finding once more the spirit of revolution, not of making its ghost walk about again, Marx-Engels : *Selected Works*, vol. 1, pp 398-399.

ਪਾਠਕਾਂ ਨੂੰ ਚਾਹੀਦਾ ਹੈ ਕਿ ਇਸ ਨੁਕਤੇ ਬਾਬਤ ਨਾ ਉਹ ਮੇਰੀ ਦਿਤੀ ਟੂਕ ਉਤੇ ਰਹਿਣ ਤੇ ਨਾ ਭਗਵਾਨ ਸਿੰਘ ਹੋਰਾਂ ਦੀ ਦਿਤੀ ਉਤੇ ਹੀ। ਉਹ ਇਹ ਚੰਦ ਸਫ ਆਪ ਜ਼ਰੂਰ ਪੜ੍ਹ ਲੈਣ।

ਨੋਟ ਕਰਨ ਵਾਲੀ ਪਹਿਲੀ ਗਲ ਇਹ ਹੈ ਕਿ ਏਥੇ ਨਾ ਤਾਂ ਗੁਲਾਮਦਾਰੀ ਨਿਜ਼ਾਮ ਦੇ ਵਿਰੁਧ ਆਪਣੀ ਆਜ਼ਾਦੀ ਵਾਸਤੇ ਕੀਤੀਆਂ ਗੁਲਾਮਾਂ ਦੀਆਂ ਬਗ਼ਾਵਤਾਂ ਦਾ ਜ਼ਿਕਰ ਹੈ ਤੇ ਨਾ ਹੀ ਫੀਊਡਲ ਨਿਜ਼ਾਮ ਦੇ ਵਿਰੁਧ ਆਪਣੀਆਂ ਆਜ਼ਾਦੀ ਵਾਸਤੇ ਕੀਤੀਆਂ ਕਿਸਾਨਾਂ ਆਦਿ ਦੀਆਂ ਬਗ਼ਾਵਤਾਂ ਦਾ। ਏਥੇ ਸਮਾਜਵਾਦੀ ਇਨਕਲਾਬ ਦਾ ਮੁਕਾਬਲਾ ਕਿਸੇ ਵੀ ਐਸੀ ਬਗਾਵਤ ਜਾਂ ਇਨਕਲਾਬ ਨਾਲ ਨਹੀਂ ਹੋ ਰਿਹਾ ਜਿਥੇ ਲੋਕ ਮਨੁਖ ਦੀ, ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਲੜੇ ਹੋਣ। ਏਥੇ ਇਕ ਖਾਸ ਨੁਕਤੇ ਬਾਬਤ ਮੁਕ ਬਲਾ ਹੋ ਰਿਹਾ ਹੈ— **ਸਮਾਜਵਾਦੀ ਇਨਕਲਾਬ ਦਾ ਬੁਰਜਵਾ ਇਨਕਲਾਬਾਂ ਨਾਲ।**

ਆਮ ਤੌਰ 'ਤੇ ਜੁਗ ਬਦਲੀ ਦਾ ਵੇਗ ਕੀ ਹੁੰਦਾ ਹੈ?—ਵੇਗ ਇਹ ਹੁੰਦਾ ਹੈ ਕਿ ਕਾਬਜ਼ ਤੋਂ ਤੰਗ ਆਇਆਂ ਨੂੰ, ਉਸ ਦੇ ਵਿਰੁਧ ਲੜਨ ਵਾਲਿਆਂ ਨੂੰ ਨਵੇਂ ਦੀ ਮਹਾਨਤਾ, ਉਸ ਦੀ ਵਸਤੂ ਦੀ ਚੰਗਿਆਈ ਦਿਸਦੀ ਹੈ, ਦਰਸਾਈ ਜਾਂਦੀ ਹੈ, ਅਤੇ ਨਵੇਂ ਦੀ ਮਹਾਨਤਾ 'ਤੇ ਮੋਹਤ ਹੋ ਕੇ, ਉਸ ਦੀ



ਚੰਗਿਆਈ ਬਾਬਤ ਦ੍ਰਿੜ੍ਹ ਹੋ ਕੇ ਉਹ ਕਾਬਜ਼ ਨੂੰ ਢਾਹੁਣ ਤੇ ਨਵੇਂ ਨੂੰ ਸਥਾਪਤ ਕਰਨ ਵਾਸਤੇ ਲੜਦੇ ਹਨ। ਏਥੇ ਚਰਚਾ ਕੀ ਹੈ? **ਏਥੇ ਚਰਚਾ ਹੈ ਬੁਰਜਵਾ ਇਨਕਲਾਬ ਦੀ ਵਸਤੂ ਦੀ।** ਬੁਰਜਵਾ ਇਨਕਲਾਬ ਨੇ ਸਥਾਪਤ ਕਰਨਾ ਹੈ ਬਰ਼ਜਵ਼ਾ ਸਮਾਜ। ਬੁਰਜਵਾ ਸਮਾਜ ਬੁਨਿਆਦੀ ਤੌਰ 'ਤੇ ਸਨਅਤੀ ਸਮਾਜ ਹੈ। ਇਸ ਦੀ ਨੀਂਹ ਹੈ ਪੈਦਾਵਾਰ ਦੇ ਵਸੀਲਿਆਂ ਦੀ ਪਰਾਈਵੇਟ ਮਲਕੀਅਤ। ਇਸ ਦਾ ਅਸਲਾ ਹੈ ਪੈਸਾ-ਬਟੋਰੀ। ਇਸ ਦਾ ਮੂਲ ਹੈ ਮੁਨਾਫ਼ਾਖੋਰੀ ਤੇ ਉਸ ਦੇ ਵਾਸਤੇ ਆਪਸ ਵਿਚ ਗਰਦਨ-ਤੋੜ ਮੁਕਾਬਲਾ। ਇਸ ਦਾ ਰਬ ਕੀ ਹੈ? ਪੈਸਾ। ਇਸ ਨੇ ਚਲਾਏ ਕਿਹਨਾਂ ਮਨੋਰਥਾਂ ਦੇ ਚਲਣਾ ਹੈ? ਖ਼ੁਦਗਰਜ਼ੀ ਦੇ, ਕਠੋਰਤਾ ਦੇ, ਪੈਸੇ ਦੇ ਲਾਲਚ ਦੇ। ਫੀਊਡਲ ਦੇ ਵਿਰੁਧ ਇਨਕਲਾਬ ਲਿਆਉਣ ਵਾਸਤੇ, ਕਿਸੇ ਵੀ ਇਨਕਲਾਬ ਨੂੰ ਲਿਆਉਣ ਵਾਸਤੇ ਚਾਹੀਦਾ ਕੀ ਹੈ? ਲੋਕਾਂ ਦਾ ਉਸ ਦੇ ਵਾਸਤੇ ਸਿਰ-ਧੜ ਦੀ ਲਾਉਣਾ। ਉਹ ਸਿਰ-ਧੜ ਦੀ ਲਾਉਣਗੇ ਕਾਹਦੇ ਵਾਸਤੇ? ਯਕੀਨਨ ਗੰਦਗੀ, ਗਿਰਾਵਟ, ਕਮੀਨਗੀ ਤੇ ਕਠੋਰਤਾ ਵਾਸਤੇ ਨਹੀਂ ਬਲਕਿ ਮਨੁਖਤਾ ਦੇ ਆਦਰਸ਼ ਵਾਸਤੇ ਜਿਸ ਵਾਸਤੇ ਉਨ੍ਹਾਂ ਦਾ ਜੋਸ਼ ਠਾਠਾਂ ਮਾਰੇਗਾ। ਇਨਕਲਾਬ ਲਿਆਉਣ ਵਾਸਤੇ ਦੇਣੀ ਪੈਂਦੀ ਹੈ ਸਿਰੇ ਦੀ ਕੁਰਬਾਨੀ। ਲੋੜੀਂਦਾ ਹੈ ਮਰਦੱਊਪੁਣਾ। ਲੜਾਈ ਵਾਸਤੇ ਚਾਹੀਦੀ ਹੈ ਸੂਰਮਗਤੀ। ਬੁਰਜਵਾ ਸਮਾਜ ਦੀ ਵਸਤੂ ਵਿਚ ਇਹਨਾਂ ਗੁਣਾਂ ਦੀ ਹੈ ਨਹੀਂ ਰਿਜ਼ਮ ਵੀ। ਇਸ ਦੀ ਵਸਤੂ ਹੈ ਨਿਰੀ ਗੰਦਗੀ, ਗਿਰਾਵਟ, ਕਠੋਰਪੁਣਾ ਤੇ ਕਮੀਨਗੀ। ਐਸੀ ਵਸਤੂ ਵਾਸਤੇ ਕੁਰਬਾਨੀ ਤੇ ਸੂਰਮਗਤੀ ਉਮਲ੍ਹਣੀ ਕਿਥੋਂ ਤੇ ਕਿਸ ਤਰ੍ਹਾਂ?

"But unheroic as bourgeois society is, it nevertheless took heroism, sacrifice, terror, civil war and battles of peoples to bring it into being." (Ibid, p 399)

ਇਕ ਪਾਸੇ ਤੋਂ ਬੁਰਜਵਾ ਇਨਕਲਾਬ ਵਾਸਤੇ ਲਾਜ਼ਮੀ ਹੈ ਕਿ ਉਹ ਆਪਣੇ ਆਪ ਨੂੰ ਆਪਣੀ ਅਸਲੀਅਤ ਵਲੋਂ, ਆਪਣੀ ਵਸਤੂ ਵਲੋਂ ਅੰਨ੍ਹਿਆਂ ਕਰੇ।

"Earlier revolutions required recollections of past world history in order to drug themselves concerning their own content." (p.400)

"The self-deceptions that they needed in order to conceal from themselves the bourgeois limitations of the content of their struggles..." (p. 399)

ਸੋ ਬੁਰਜਵਾ ਇਨਕਲਾਬ ਆਪਣੀ ਵਸਤੂ ਦੀ ਗੰਦਗੀ, ਗਿਰਾਵਟ ਤੇ ਕਮੀਨਗੀ ਦੀਆਂ ਲੀਰਾਂ ਦਾ ਖੁਦੋ ਕੱਸ ਕੇ ਵਲ੍ਹੇਟਦਾ ਹੈ। ਆਪਣੀ ਵਸਤੂ ਨੂੰ ਹਰ ਪਾਸਿਉਂ ਬੰਦ ਕਰਦਾ ਹੈ। ਉਸ ਦੀ ਅਸਲੀਅਤ ਉਤੇ ਕਿਸੇ ਪਾਸਿਉਂ ਦੀ ਝੀਤ ਨਹੀਂ ਰਹਿਣ ਦੇਂਦਾ ਕਿ ਕਿਧਰੋਂ ਵੀ ਝਾਤ ਨਾ ਪੈ ਜਾਵੇ। ਜਿੰਨਾਂ ਚਿਰ ਇਨਕਲਾਬ ਆ ਨਹੀਂ ਜਾਂਦਾ, ਕੰਮ ਨੇਪਰੇ ਚੜ੍ਹ ਨਹੀਂ ਜਾਂਦਾ, ਬੁਰਜਵਾ ਸਮਾਜ ਸਥਾਪਤ ਹੋ ਨਹੀਂ ਜਾਂਦਾ ਇਹ ਖੁਦੋ ਦੇ ਤੋਪੇ ਢਿੱਲੇ ਨਹੀਂ ਕਰਦਾ। ਕਰ ਸਕਦਾ ਹੀ ਨਹੀਂ। ਜੇ ਪਹਿਲਾਂ ਹੀ ਤੋਪੇ ਢਿੱਲੇ ਕਰ ਦੇਵੇ ਤਾਂ ਗੱਲ ਦੋਹਾਟਉਂ ਹੀ ਟੁਟ ਜਾਵੇ।

ਇਹਨੇ ਆਪਣੀ ਵਸਤੂ ਦੀ ਸਵੈ-ਆਲੋਚਨਾ ਤਾਂ ਕੀ ਕਰਨੀ ਹੈ, ਉਸ ਨੂੰ ਬਹਿਸ ਦਾ ਵਿਸ਼ਾ ਤਾਂ ਕੀ ਬਣਾਉਣਾ ਹੈ, ਇਹ ਉਸ ਦੀ ਬਾਬਤ ਉਭਾਸਰਦਾ ਵੀ ਨਹੀਂ। ਦੂਸਰੇ ਪਾਸੇ, ਇਹ ਗੰਦੀ, ਇਹ ਗੰਦੀ ਵਸਤੂ ਸ਼ੇਰ ਦਾ ਪਹਿਰਾਵਾ ਪਹਿਨਦੀ ਹੈ। ਮਰਿਆਂ ਨੂੰ ਕਬਰਾਂ ਵਿਚੋਂ ਜਗਾਉਂਦੀ ਹੈ, ਉਹਨਾਂ ਨੂੰ ਮੁੜ ਸੁਰਜੀਤ ਕਰਦੀ ਹੈ। ਉਹਨਾਂ ਦੇ ਨਾਂ ਹੁਦਾਰੇ ਲੈਂਦੀ ਹੈ, ਉਹਨਾਂ ਦੀ ਬਾਹਰਲੀ ਸ਼ਕਲ ਅਖ਼ਤਿਆਰ ਕਰਦੀ ਹੈ, ਉਹਨਾਂ ਦੀ ਬੋਲੀ ਬੋਲਦੀ ਹੈ, ਉਹਨਾਂ ਦਾ ਮੁਹਾਵਰਾ ਵਰਤਦੀ ਹੈ,

ਉਹਨਾਂ ਦੇ ਨਾਹਰਿਆਂ ਦੇ ਥੱਲੇ ਰਣਭੂਮੀ ਵਿਚ ਉਤਰਦੀ ਹੈ। ਕਾਹਦੇ ਵਾਸਤੇ ? ਇਨਕਲਾਬ ਦੀ ਰੂਹ ਨੂੰ ਢੂੰਡਣ ਤੇ ਉਸ ਨੂੰ ਕੀਲ ਦੇ ਰਖਣ ਵਾਸਤੇ। ਸਿਰ ਪਏ ਕੰਮ ਨੂੰ ਕਲਪਨਾ ਵਿਚ ਵਧਾਉਣ ਚੜ੍ਹਾਉਣ, ਵਡਿਆਂ ਬਣਾਉਣ ਵਾਸਤੇ, ਉਸ ਨੂੰ ਚਾਰ ਚੰਦ ਲਾਉਣ ਵਾਸਤੇ, ਜੋਸ਼ ਨੂੰ ਮਹਾਨ ਇਤਿਹਾਸਕ ਟਰੈਜਿਡੀ ਦੀ ਉੱਚੀ ਪੱਧਰ 'ਤੇ ਰੱਖਣ ਵਾਸਤੇ।

"Thus the awakening of the dead in those revolutions served the purpose of glorifying the new struggles...of magnifying the given task in imagination...of finding once more the spirit of revolution... to keep their enthusiasm on the high plane of the great historical tragedy." (p. 399)

ਪਰੋਲਤਾਰੀ ਇਨਕਲਾਬ ਦੀ, ਸਮਾਜਵਾਦੀ ਇਨਕਲਾਬ ਦੀ ਵਸਤੂ—ਜਮਾਤ-ਰਹਿਤ ਸਮਾਜ ਦੀ ਸਥਾਪਤੀ ਤੇ ਕਮਿਊਨਿਸਟ ਆਚਰਨ ਵਾਲੇ ਬੰਦੇ ਦੀ ਉਸਾਰੀ—ਹੈ ਹੀ ਸੁੱਧਾ ਸੋਨਾ। ਇਹ ਸਭ ਪਾਸਿਉਂ, ਸਭ ਗਲੀਂ ਸੰਪੂਰਨ ਹੈ। ਇਸ ਦੀ ਵਸਤੂ ਨੂੰ ਆਪਣੀ ਕਵਿਤਾ ਭੂਤ ਕੋਲੋਂ ਲੈਣ ਦੀ ਕੀ ਲੋੜ ਹੈ ? ਇਹ ਲੈ ਕਿਸ ਤਰ੍ਹਾਂ ਸਕਦੀ ਹੈ ? ਇਸ ਦੇ ਮੇਚ ਦਾ ਪਿਛੇ ਕੁਛ ਨੇਪਰੇ ਚੜ੍ਹਿਆ ਹੀ ਨਹੀਂ। ਕਵਿਤਾ ਦਾ ਇਥੇ ਮਤਲਬ ਹੈ ਜਿਸ ਨੂੰ ਬੁਰਜਵਾ ਇਨਕਲਾਬ ਦੇ ਪ੍ਰਸੰਗ ਵਿਚ ਕਿਹਾ ਗਿਆ ਹੈ—

"Glorifying the new struggles," "Magnifying the given task in imagination."

ਆਪਣੀ ਵਸਤੂ ਦੀ ਕਵਿਤਾ ਇਹ ਭਵਿੱਖ ਕੋਲੋਂ ਹੀ ਲਵੇਗਾ। ਇਹ ਸ਼ੁਰੂ ਹੀ ਨਹੀਂ ਹੋ ਸਕਦਾ ਜਿੰਨਾਂ ਚਿਰ ਭੂਤ ਦੇ ਸਾਰੇ ਵਹਿਮ ਭਰਮ ਖੁਰਚ ਕੇ ਨਾ ਲਾਹ ਲਵੇ। ਬੁਰਜਵਾ ਇਨਕਲਾਬ ਨੇ ਜਿਹੜਾ ਪਹਿ-ਰਾਵਾ ਪਹਿਨਿਆ ਸੀ, ਉਹ ਉਸਦੀ ਵਸਤੂ ਨਾਲੋਂ ਵਡੇਰਾ ਸੀ। ਜੋ ਮੁਹਾਵਰਾ ਉਸ ਨੇ ਵਰਤਿਆ, ਉਹ ਉਸ ਨਾਲੋਂ ਉਚੇਰਾ ਸੀ। ਸਮਾਜਵਾਦੀ ਇਨਕਲਾਬ ਦੀ ਵਸਤੂ ਐਨੀ ਮਹਾਨ ਤੇ ਉਚੇਰੀ ਹੈ ਕਿ ਇਸ ਨੂੰ ਪੂਰੀ ਤਰ੍ਹਾਂ ਕਲਮਬੰਦ ਕਰਨ ਵਾਸਤੇ ਬੋਲੀ ਦਾ ਜਾਮਾਂ ਹੀ ਅਜੇ ਤਿਆਰ ਨਹੀਂ। ਬੁਰਜਵਾ ਇਨਕਲਾਬ ਦੀ ਐਨੀ ਪਾਇਆਂ ਹੀ ਨਹੀਂ ਸੀ ਕਿ ਕੰਮ ਦੇ ਨੇਪਰੇ ਚੜ੍ਹਨ ਤੋਂ ਪਹਿਲਾਂ ਉਹ ਆਪਣੀ ਵਸਤੂ ਦੇ ਖੁਦੋ ਨੂੰ ਖੋਲ੍ਹ ਸਕਦਾ, ਖਿਲਾਰ ਸਕਦਾ। ਦੂਸਰੇ ਪਾਸੇ, ਸਮਾਜਵਾਦੀ ਇਨਕਲਾਬ ਦੀ ਜਿੰਦ ਜਾਨ ਹੀ ਆਪਣੀ ਵਸਤੂ ਨੂੰ ਖੋਹਲਣਾ, ਖਿਲਾਰਨਾ, ਗਾਹੀ ਜਾਣਾ, ਹਰ ਵਕਤ ਉਸ ਨੂੰ ਆਲੋਚਨਾ ਦੇ ਚੱਕ 'ਤੇ ਚੜ੍ਹਾਈ ਰਖਣਾ ਹੈ।

"Bourgeois revolutions, like those of the eighteenth century, storm swiftly from success to success, their dramatic effects outdo each other, men and things seem set in sparkling brilliants; ecstasy is the everyday spirit; but they are short-lived: soon they have attained their zenith, and a long crapulent depression lays hold of society before it learns soberly to assimilate the results of its storm-and-stress period. On the other hand, proletarian revolutions, like those of the nineteenth century, criticise themselves constantly, interrupt themselves continually in their own course, come back to the apparently accomplished in order to begin it afresh, deride witn unmerciful thoroughness the inadequacies, weaknesses and paltrinesses of their first attempts, seem to throw down their adversary only in order that he may draw new strength from the earth and rise again, more gigantic, before them, recoil ever and anon from the indefinite



prodigiousness of their own aims, until a situation has been created which makes all turning back impossible, and the conditions themselves cry out :

Hic Rhocus, hic salta ! Here is the rose, here dance ! (Ibid, p 401)

ਹੋਈ ਵਿਚਾਰ ਤੋਂ ਜ਼ਾਹਿਰ ਹੈ ਕਿ ਏਥੇ ਮਾਰਕਸ ਦੇ ਸਾਹਮਣੇ ਪੇਸ਼ ਮਸਲਾ ਪਰੋਲਤਾਰੀ ਇਨਕਲਾਬ ਵਿਚ ਇਤਿਹਾਸ ਦਾ ਵਿਚਾਰਧਾਰਕ ਰੋਲ ਨਹੀਂ। ਮਾਰਕਸਵਾਦ ਹੁਣ ਦੀ ਜਦੋ-ਜਹਿਦ ਵਿਚ ਇਤਿਹਾਸ ਦੇ ਵਿਚਾਰਧਾਰਕ ਰੋਲ ਤੋਂ ਮੁਨਕਿਰ ਨਹੀਂ। ਮੁਨਕਿਰ ਕੋਈ ਹੋ ਕਿਸ ਤਰ੍ਹਾਂ ਸਕਦਾ ਹੈ ? ਜੇ ਸਮਾਜ ਦੀ ਜਮਾਤੀ ਜਦੋ-ਜਹਿਦ ਵਿਚ ਇਤਿਹਾਸ ਦਾ ਵਿਚਾਰਧਾਰਕ ਰੋਲ ਨਾ ਹੋਵੇ ਤਾਂ ਜਮਾਤੀ ਸਮਾਜਾਂ ਦੀਆਂ ਹਾਕਮ ਜਮਾਤਾਂ ਇਤਿਹਾਸ ਵਿਚ ਲੋਕਾਂ ਦੇ ਕੀਤੇ ਨੂੰ ਮਲੀਆਮੇਟ ਕਿਉਂ ਕਰਨ ? ਇਤਿਹਾਸ ਇਸ ਤਰ੍ਹਾਂ ਕਿਉਂ ਪੇਸ਼ ਕਰਨ ਜਿਸ ਤੋਂ ਇਹ ਜ਼ਾਹਿਰ ਹੋਵੇ ਕਿ ਜੋ ਕੁਛ ਇਤਿਹਾਸ ਵਿਚ ਹੋਇਆ, ਉਹ ਉਪਰਲੀਆਂ ਜਮਾਤਾਂ ਦਾ, ਉਹਨਾਂ ਦੇ ਲੀਡਰਾਂ ਦਾ ਹੀ ਕੀਤਾ ਹੋਇਆ ? ਜੇ ਪਰੋਲਤਾਰੀ ਇਨਕਲਾਬ ਵਿਚ ਇਤਿਹਾਸ ਦਾ ਕੋਈ ਵਿਚਾਰਧਾਰਕ ਰੋਲ ਨਹੀਂ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਵਿਚ ਜੇ ਉਸ ਦਾ ਕੋਈ ਹਿੱਸਾ ਹੀ ਨਹੀਂ ਤਾਂ ਇਤਿਹਾਸ ਨੂੰ ਜਿੰਦਰਾ ਮਾਰਨਾ ਬਿਲਕਲ ਸਹੀ ਹੈ। ਜੇ ਇਤਿਹਾਸ ਨੂੰ ਪੱਕਾ ਜਿੰਦਰਾ ਹੀ ਮਾਰਨਾ ਹੈ, ਕਿਸੇ ਹਾਲਤ ਵਿਚ ਉਸ ਦਾ ਬੂਹਾ ਹੀ ਨਹੀਂ ਖੋਲ੍ਹਣਾ ਤਾਂ ਮਾਰਕਸਵਾਦ ਵਾਸਤੇ ਇਹ ਕਿਉਂ ਜ਼ਰੂਰੀ ਹੈ ਕਿ ਉਹ ਇਤਿਹਾਸ ਵਿਚੋਂ ਲੋਕਾਂ ਦੇ ਕੀਤੇ ਨੂੰ ਉਜਾਗਰ ਕਰੇ ਅਤੇ ਹਾਕਮ ਜਮਾਤਾਂ ਦੇ ਲਿਖੇ ਇਤਿਹਾਸ ਵਿਚ ਜੋ ਕਾਣੇਂ ਸਾਣੇਂ ਹੈ ਉਸ ਨੂੰ ਸਿੱਧਿਆਂ ਕਰੇ। ਇਤਿਹਾਸਕ ਸਾਹਿਤ ਨੂੰ ਰਚਣ ਦਾ ਫੇਰ ਕੋਈ ਅਰਥ ਨਹੀਂ। ਅਜਾਇਬ ਘਰਾਂ 'ਤੇ ਪੈਸੇ ਪੁਟਣੇ ਫਿਰ ਬਿਲਕੁਲ ਬੇਅਰਥ ਹੈ। ਜੇ ਇਤਿਹਾਸ ਨੂੰ ਜਿੰਦਰਾ ਹੀ ਵੱਜਣਾ ਸੀ ਤਾਂ ਏਂਗਲਜ਼ ਨੂੰ ਕੀ ਪਈ ਸੀ ਉਹ Peasant War in Germany ਲਿਖਦਾ।

ਜ਼ਾਹਿਰ ਹੈ ਕਿ ਹੁਣ ਦੀ ਜਮਾਤੀ ਜਦੋ-ਜਹਿਦ ਵਿਚ ਨਾ ਇਤਿਹਾਸ ਨੂੰ ਜਿੰਦਰਾ ਮਾਰਿਆ ਜਾ ਸਕਦਾ ਹੈ ਅਤੇ ਨਾ ਮਾਰਨਾ ਹੀ ਚਾਹੀਦਾ ਹੈ। ਇਹ ਠੀਕ ਹੈ ਕਿ ਪਰੋਲਤਾਰੀ ਇਨਕਲਾਬ ਆਪਣੀ ਮੂਲ ਪਰੇਰਨਾ ਤਾਂ ਆਪਣੀ ਵਸਤੂ ਤੋਂ, ਜੋ ਭਵਿੱਖ ਵਿਚ ਉਸ ਨੇ ਉਸਾਰਨਾ ਹੈ ਉਸ ਤੋਂ ਹੀ ਲੈਂਦਾ ਹੈ। ਜੋ ਵੀ ਕੰਮ ਕਰੀਦਾ ਹੈ ਉਸ ਦੀ ਮੂਲ ਪਰੇਰਨਾ ਤਾਂ ਉਸ ਕੰਮ ਦੇ ਕੀਤਿਆਂ ਜੋ ਲਾਭ ਹੋਣਾ ਹੁੰਦਾ ਹੈ ਉਹ ਹੀ ਹੁੰਦੀ ਹੈ। ਇਸ ਨੁਕਤੇ ਤੋਂ ਪਰੋਲਤਾਰੀ ਇਨਕਲਾਬ ਕੋਈ ਨਿਵੇਕਲਾ ਨਹੀਂ। ਪਰ ਪਰੋਲਤਾਰੀ ਇਨਕਲਾਬ ਲਿਆਉਣਾ ਤਾਂ ਲੋਕਾਂ ਨੇ, ਸਮਾਜ ਦੇ ਮੇਹਨਤਕਸ਼ ਤਬਕੇ ਨੇ ਹੈ। ਉਹਨਾਂ ਦਾ ਸਵੈ-ਵਿਸ਼ਵਾਸ ਵੀ ਲੋੜੀਂਦਾ ਹੈ। ਮੂਲ ਰੂਪ ਵਿਚ ਤਾਂ ਉਹ ਵੀ, ਉਨ੍ਹਾਂ ਦੀ ਆਪਣੀ ਕੀਤੀ ਆਰਥਕ, ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਤੋਂ ਹੀ ਆਉਂਦਾ ਹੈ। ਇਹ ਸਵੈ-ਭਰੋਸਾ ਕੀਤੇ ਕੰਮ ਤੋਂ, ਹੱਥਾਂ ਵਿਚ ਦੀ ਲੰਘੇ ਕੰਮ ਤੋਂ ਹੀ ਆਉਂਦਾ ਹੈ। ਹੁਣ ਦੀ ਜਮਾਤੀ ਜਦੋ-ਜਹਿਦ ਤੋਂ ਇਲਾਵਾ ਲੋਕਾਂ ਵਿਚ ਇਹ ਸਵੈ-ਭਰੋਸਾ ਇਤਿਹਾਸਕ ਅਨੁਭਵ ਤੋਂ ਵੀ ਆਉਂਦਾ ਹੈ, ਲੋਕਾਂ ਦੀਆਂ ਇਤਿਹਾਸ ਵਿਚ ਆਪਣੀ ਆਜ਼ਾਦੀ ਵਾਸਤੇ ਕੀਤੀਆਂ ਜਦੋ-ਜਹਿਦਾਂ ਤੋਂ ਵੀ ਆਉਂਦਾ ਹੈ। ਅਸੀਂ ਓਦੋਂ ਵੀ ਕੀਤਾ ਸੀ, ਅਸੀਂ ਹੁਣ ਵੀ ਕਰ ਗੁਜ਼ਰਾਂਗੇ। ਹਾਕਮ ਜਮਾਤਾਂ ਇਸ ਵਾਸਤੇ ਹੀ ਆਪਣੇ ਤਰੀਕੇ ਨਾਲ ਇਤਿਹਾਸ ਲਿਖਦੀਆਂ ਹਨ ਕਿ ਮਹਿਕੂਮਾਂ ਵਿਚ, ਮੇਹਨਤਕਸ਼ ਤਬਕੇ ਵਿਚ ਇਹ ਸਾਹਸ ਹੀ ਪੈਦਾ ਨਾ ਹੋਵੇ ਕਿ ਉਹ ਵੀ ਕੁਛ ਕਰਨ ਜੋਗੇ ਹਨ। ਸੋ ਜਦੋਂ ਪੰਜਾਬ ਦਾ ਮਾਰਕਸਵਾਦ ਇਕਾਨੋਮਿਜ਼ਮ ਦੇ ਪੰਜੇ ਵਿਚੋਂ ਨਿਕਲੇਗਾ ਤੇ ਆਪਣਾ ਮੂਲ ਪਛਾਣੇਗਾ ਉਹ ਇਤਿਹਾਸ ਵਿਚ ਲੋਕਾਂ ਦੀਆਂ ਆਪਣੀ ਆਜ਼ਾਦੀ ਵਾਸਤੇ ਕੀਤੀਆਂ ਜਦੋ-

ਜਹਿਦਾਂ ਨੂੰ ਸੁਰਜੀਤ ਕਰੇਗਾ । ਉਹ ਫਰੀਦ ਦੇ ਦਰਵੇਸ਼ ਨੂੰ, ਵਾਰਿਸ ਸ਼ਾਹ ਦੇ ਆਸ਼ਿਕ ਨੂੰ, ਗੁਰਬਾਣੀ ਦੇ ਗੁਰਮੁਖ, ਸੰਤ ਭਗਤ ਨੂੰ ਜਗਾਇਗਾ, ਉਹਨਾਂ ਨੂੰ ਅਪਣਾਏਗਾ । ਉਹਨਾਂ ਨੂੰ ਆਪਣੇ ਮਿੱਤਰ ਸਮਝੇਗਾ । ਲੋਕਾਂ ਨੂੰ ਉਹਨਾਂ ਵਿਚ ਉਹਨਾਂ ਦੀਆਂ ਆਪਣੀਆਂ ਜੜ੍ਹਾਂ ਵਿਖਾਏਗਾ । ਉਹਨਾਂ ਦਾ ਸਹੀ ਅਰਥਾਂ ਵਿਚ ਵਾਰਸ ਬਣੇਗਾ ।

⊙ ਸੁਰਜੀਤ ਗਿੱਲ ਲਿਖਦੇ ਹਨ "...ਆਤੰਕਵਾਦੀ ਤੇ ਵਿਅਕਤੀਗਤ ਕਤਲਾਂ ਦੀ ਸਿਆਸਤ ਨੂੰ ਮਾਰਕਸਵਾਦ ਵਿਚ ਕੋਈ ਥਾਂ ਨਹੀਂ ਹੈ । ਭਾਰਤ ਦੀ ਕਮਿਊਨਿਸਟ ਪਾਰਟੀ ਨੇ 1952 ਵਿਚ ਕੌਮਾਂਤਰੀ ਕਮਿਊਨਿਸਟ ਲਹਿਰ ਦੀ ਸਹਾਇਤਾ ਨਾਲ ਉਲੀਕੇ ਪਾਰਟੀ ਪਰੋਗਰਾਮ ਤੇ ਪਾਲਿਜ਼ੀ ਵਿਚ ਇਹ ਦੀ ਪਰਤੱਖ ਮਨਾਹੀ ਕੀਤੀ ਹੈ । ਜੇਕਰ ਇਹਦੇ ਹੁੰਦਿਆਂ ਵੀ ਨਕਸਲੀ ਸ਼ੇਖ਼ ਚਿਲੀ ਵਾਂਗ ਉਸੇ ਡਾਹਣੇ ਨੂੰ ਵੱਢੀ ਗਏ ਹਨ, ਜਿਸ, ਤੇ ਉਹ ਆਪ ਬੈਠੇ ਸਨ ਤੇ ਡਿੱਗਣਾ ਤੇ ਧੌਣ ਟੁਟਣੀ ਅਵੱਸ਼ ਸੀ, ਤਾਂ ਉਹਨਾਂ ਨੂੰ "ਕਮਿਊਨਿਸਟ" ਮੰਨਣਾ ਮੁਸ਼ਕਲ ਹੈ ।" (ਸੇਧ, ਜੁਲਾਈ 1677, ਸਫ਼ਾ 59) ।

ਨਕਸਲਵਾਦੀ ਲਹਿਰ ਦੀ ਸਵੈ-ਆਲੋਚਨਾ ਕਰਨੀ, ਆਲੋਚਨਾ ਕਰਨੀ ਇਕ ਗੱਲ ਹੈ ਤੇ ਉਸ ਨੂੰ ਮਾਰਕਸਵਾਦ ਦੀ ਸੱਫ਼ ਤੋਂ ਹੀ ਬੇਦਖ਼ਲ ਕਰਨਾ ਬਿਲਕੁਲ ਦੂਸਰੀ । ਸੁਰਜੀਤ ਗਿੱਲ ਹੋਰੀਂ ਇਸ ਲਹਿਰ ਨੂੰ ਮਾਰਕਸਵਾਦ ਤੋਂ ਬੇਦਖ਼ਲ ਕਰਨ ਤਕ ਕਿਉਂ ਗਏ ਹਨ ? ਉਹਨਾਂ ਦਾ ਇਸ ਨੂੰ ਬੇਦਖ਼ਲ ਕਰਨ ਦਾ ਮਨੋਰਥ, ਅਚੇਤ ਜਾਂ ਸੁਚੇਤ ਸ਼ਾਇਦ ਦੂਸਰੀਆਂ ਪਾਰਟੀਆਂ ਨੂੰ ਸਹੀ ਮਾਰਕਸਵਾਦੀ ਪਾਰਟੀਆਂ ਹੋਣ ਦਾ ਸਰਟੀਫੀਕੇਟ ਦੇਣਾ ਹੈ । ਪਿੱਛੇ ਦਿੱਤੀ ਗਈ ਮਾਰਕਸ ਦੀ ਟੂਕ ਤੋਂ ਜ਼ਾਹਿਰ ਹੈ ਕਿ ਪਰੋਲੇਤਾਰੀ ਇਨਕਲਾਬ ਦੀ, ਮਾਰਕਸਵਾਦੀ ਲਹਿਰ ਤੇ ਪਾਰਟੀਆਂ ਦੀ ਜਿੰਦ ਜਾਨ ਹੀ ਹੁੰਦੀ ਜਾਂਦੀ ਸਵੈ-ਆਲੋਚਨਾ ਹੈ । ਸੋ ਸਹੀ ਗੱਲ ਤਾਂ ਇਹ ਹੈ ਕਿ ਪੰਜਾਬ ਦੀ ਸਾਰੀ ਮਾਰਕਸਵਾਦੀ ਲਹਿਰ ਦੀ ਧੁਰੋਂ ਸਿਰੋਂ ਆਲੋਚਨਾ ਹੋਵੇ, ਜਿਥੇ ਜਿਥੇ ਗ਼ਲਤੀਆਂ ਹੋਈਆਂ ਹਨ ਉਹ ਸਪੱਸ਼ਟ ਹੋਣ, ਤਾਕਿ ਵਾਹ ਲਗਦੀ ਅਗੋਂ ਤੋਂ ਗ਼ਲਤੀਆਂ ਨਾ ਹੋਣ । ਕੋਈ ਵਜ੍ਹਾ ਨਹੀਂ ਕਿ ਹੋਰਨਾਂ ਦੇ ਨਾਲ ਨਕਸਲਵਾਦੀ ਲਹਿਰ ਦੀ ਆਲੋਚਨਾ ਕਿਉਂ ਨਾ ਹੋਵੇ ਤੇ ਦੱਬ ਕੇ ਕਿਉਂ ਨਾ ਹੋਵੇ, ਸਗੋਂ ਨਕਸਲ-ਵਾਦੀਆਂ ਨੂੰ ਆਪਣੀ ਲਹਿਰ ਦੀ ਆਲੋਚਨਾ ਆਪ ਕਰਨੀ ਚਾਹੀਦੀ ਹੈ ਅਤੇ ਐਸੀ ਕਿ ਅਗੋਂ ਤੋਂ ਗ਼ਲਤੀ ਹੋ ਨਾ ਪਾਏ । ਪਰ ਇਸ ਲਹਿਰ ਦੀ ਆਲੋਚਨਾ ਕਰਦਿਆਂ ਇਕ ਗੱਲ ਦਾ ਖ਼ਿਆਲ ਜ਼ਰੂਰ ਰੱਖ ਲੈਣਾ ਚਾਹੀਦਾ ਹੈ । ਇਕਾਨੋਮਿਜ਼ਮ ਦੇ ਸ਼ਿਕਾਰ ਹੋਏ ਸਾਡੇ ਅਖੌਤੀ ਮਾਰਕਸਵਾਦੀਆਂ ਨੇ ਆਪਣੀ ਅਸਲੀਅਤ ਨੂੰ ਛੁਪਾਉਣ ਵਾਸਤੇ ਇਸ ਤੇ ਘੱਟਾ ਤਾਂ ਪਾਉਣਾ ਹੀ ਪਾਉਣਾ ਹੈ, ਉਹਨਾਂ ਦੀ ਕਤਾਰ ਵਿਚ ਖੜੋਣਾ ਤੇ ਇਸ ਤੇ ਘੱਟਾ ਪਾਉਣਾ ਬਿਲਕੁਲ ਗ਼ਲਤ ਹੈ ।

ਇਹ ਠੀਕ ਹੈ ਕਿ ਮਾਰਕਸਵਾਦ ਦੇ ਮੁਤਾਬਿਕ ਵਿਰੋਧੀ ਜਮਾਤਾਂ ਦੀ ਤਾਕਤ ਦਾ ਆਪਸ ਵਿਚ ਤਵਾਜ਼ਨ ਸਮਾਜ ਵਿਚਲੇ ਬੁਨਿਆਦੀ ਵਿਰੋਧ ਦੇ ਪ੍ਰਸੰਗ ਵਿਚ, ਜਮਾਤੀ ਜਦੋ-ਜਹਿਦ ਨਾਲ ਹੀ ਬਦਲਦਾ ਹੈ । ਸਰਮਾਏਦਾਰੀ ਦੇ ਵਿਰੁਧ ਇਨਕਲਾਬ ਪਰੋਲੇਤਾਰੀ ਦੇ ਪੈਂਤੜੇ ਤੋਂ ਆਰਥਕ ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਰਾਹੀਂ ਇਨਕਲਾਬੀ ਜਮਾਤਾਂ ਹੀ ਲਿਆਉਂਦੀਆਂ ਹਨ । ਚੰਦ ਬੰਦੇ ਇਹਨਾਂ ਜਮਾਤਾਂ ਦੀ ਥਾਂ ਨਹੀਂ ਲੈ ਸਕਦੇ । ਗ਼ਲਤੀ ਗ਼ਲਤੀ ਹੀ ਹੈ, ਜਿਸ ਦੀ ਵੀ ਹੈ, ਜਿੱਥੇ ਵੀ ਹੈ, ਜਿੰਨੀ ਵੀ ਹੈ । ਕਰਦੀ ਵੀ ਨੁਕਸਾਨ ਹੀ ਹੈ । ਅਸਫਲਤਾ ਦਾ ਪੈਰ-ਧਰਾਵਾ ਹੈ । ਲੈਨਿਨ ਨੇ ਕਿਹਾ ਸੀ :

"It is only when the underdogs no longer want the old order and the top dog can no longer maintain it, can a revolution be victorious."



ਮਤਲਬ ਹੈ ਅੰਤ ਇਨਕਲਾਬ ਉਹਨਾਂ ਹੀ ਲਿਆਉਣਾ ਹੈ ਜੋ ਕਾਬਜ਼ ਨਿਜ਼ਾਮ ਤੋਂ ਨਾਬਰ ਹੋਣ । ਇਹ ਵੀ ਠੀਕ ਹੈ ਕਿ ਇਸ ਨਿਜ਼ਾਮ ਤੋਂ ਜਥੇਬੰਦ ਤੌਰ 'ਤੇ, ਬਤੌਰ ਜਮਾਤ, ਨਾਬਰ ਉਹਨਾਂ ਹੀ ਹੋਣਾ ਹੈ ਤੇ ਉਹਨਾਂ ਹੀ ਰਹਿਣਾ ਹੈ ਜੋ ਮਾਰਕਸਵਾਦੀ ਚੇਤਨਤਾ ਵਰ ਲੈਣ, ਜੋ ਉਸ ਚੇਤਨਤਾ ਦੇ ਸਰੂਪ ਹੋ ਜਾਣ । ਵਸੀਲੇ ਕਿਸ ਰਾਹੀਂ ਨਾਬਰ ਹੋਇਆ ਜਾ ਸਕੀਦਾ ਹੈ ਇਸ ਤੋਂ ਤਾਂ ਅੱਖਾਂ ਮੀਟੀਆਂ ਹੀ ਨਹੀਂ ਜਾ ਸਕੀਦੀਆਂ । ਫੇਰ ਵੀ, ਹਰ ਹਾਲਤ ਵਿਚ ਬੁਨਿਆਦੀ ਗਲ ਕਾਬਜ ਨਿਜ਼ਾਮ ਤੋਂ ਨਾਬਰ ਹੋਣਾ ਹੈ । ਜੋ ਕਾਬਜ਼ ਨਿਜ਼ਾਮ ਵਿਚ ਗੁੰਦੇ ਗਏ (ਕਿਸੇ ਕਾਰਨ ਕਰਕੇ ਵੀ ਗੁੰਦੇ ਗਏ) ਅਤੇ ਜੋ ਇਸ ਗੰਦ ਵਿਚੋਂ ਨਿਕਲਣੋਂ ਅਸਮਰੱਥ ਹਨ ਉਨ੍ਹਾਂ ਤਾਂ ਇਨਕਲਾਬ ਲੈ ਹੀ ਨਹੀਂ ਆਉਣਾ । ਸੋ ਗ਼ਲਤੀਆਂ ਗ਼ਲਤੀਆਂ ਵਿਚ ਵੀ ਫ਼ਰਕ ਹੈ । ਹੋਰ ਤਾਂ ਗ਼ਲਤੀਆਂ ਹਨ ਹੀ, **ਪਰ ਇਕਾਨੋਮਿਜ਼ਮ ਗ਼ਲਤੀ ਨਹੀਂ, ਮਾਰਕਸਵਾਦ ਵਾਸਤੇ ਕੈਂਸਰ ਹੈ, ਮਾਰਕਸਵਾਦ ਨੂੰ ਬੇਦਾਵਾ ਹੈ । ਇਕਾਨੋਮਿਜ਼ਮ ਬੁਰਜਵਾ ਵਿਚਾਰਧਾਰਾ ਦਾ ਉਹ ਰੂਪ ਹੈ ਜੋ ਇਹ ਮਾਰਕਸਵਾਦ ਦੇ ਵਿਚ ਅਖ਼ਤਿਆਰ ਕਰਦਾ ਹੈ ।** ਜੇ ਤਾਂ ਪਾਰਟੀ ਪੈਂਦੀ ਸੱਟੇ ਹੀ ਇਸ ਦੇ ਖ਼ਿਲਾਫ਼ ਜਦੋ-ਜਹਿਦ ਕਰਕੇ ਇਸ ਨੂੰ ਜੜ੍ਹੋਂ ਉਖੇੜ ਦੇਵੇ, ਅਤੇ ਹਮੇਸ਼ਾਂ ਚੌਕੰਨੀ ਰਹੇ ਅਤੇ ਜਦੋਂ ਵੀ ਇਹ ਸਿਰ ਕੱਢੇ ਇਸ ਦਾ ਸਿਰ ਫੇਹ ਦੇਵੇ, ਫੇਰ ਤਾਂ ਪਾਰਟੀ ਮਾਰਕਸਵਾਦੀ ਰਹਿੰਦੀ ਹੈ । ਪਰ ਜੇ ਪਾਰਟੀ ਦੀ ਲੀਡਰਸ਼ਿਪ ਹੀ ਇਕਾਨੋ-ਮਿਜ਼ਮ ਦਾ ਸ਼ਿਕਾਰ ਹੋ ਜਾਵੇ, ਤਾਂ ਉਹ ਨਾਂ ਨੂੰ ਹੀ ਮਾਰਕਸਵਾਦੀ ਪਾਰਟੀ ਹੈ, ਅਸਲਿਉਂ ਉਹ ਬੁਰਜਵਾ ਪਾਰਟੀ ਹੈ, ਉਹ ਕਾਬਜ਼ ਨਿਜ਼ਾਮ ਦਾ ਤਨੀ ਅੰਗ ਬਣ ਚੁਕੀ ਹੈ, ਉਸ ਵਿਚ ਗੁੰਦੀ ਜਾ ਚੁਕੀ ਹੈ । ਉਹ ਲੀਡਰਸ਼ਿਪ ਪਾਰਟੀ ਦੇ ਵਿਚ ਵੀ ਬੁਰਜਵਾ ਰਿਸ਼ਤੇ ਕਾਇਮ ਕਰੇਗੀ ਅਤੇ ਉਹਨਾਂ ਦੇ ਖ਼ਿਲਾਫ਼ ਜਦੋ-ਜਹਿਦ ਕਰਨ ਦੀ ਥਾਂ ਉਹਨਾਂ ਨੂੰ ਹੋਰ ਪੱਕਿਆਂ ਕਰੀ ਜਾਵੇਗੀ । ਉਹ ਪਾਰਟੀ ਦੇ ਅੰਦਰੋਂ ਕੰਮ ਕਰਨ ਦੇ ਜਮਹੂਰੀ ਤਰੀਕਿਆਂ ਨੂੰ ਉੜਾਏਗੀ । ਆਪਣੇ ਖ਼ਿਲਾਫ਼ ਰੈਂਕ ਐਂਡ ਫ਼ਾਈਲ ਨੂੰ ਬਿਰਕਣ ਨਹੀਂ ਦੇਵੇਗੀ । ਪਾਰਟੀ ਦੇ ਅੰਦਰ ਵਿਚਾਰਧਾਰਕ ਜਮਾਤੀ ਜਦੋਜਹਿਦ ਨੂੰ ਉੱਗਣ ਤਕ ਨਹੀਂ ਦੇਵੇਗੀ ।

ਨਾਲੇ ਹੋ ਚੁਕੇ ਦੀ ਆਲੋਚਨਾ ਤੋਂ ਇਲਾਵਾ ਬੁਨਿਆਦੀ ਗੱਲ ਇਹ ਵੇਖਣਾ ਹੈ ਕਿ ਹੁਣ, ਅੱਗੇ ਤੋਂ ਇਹ ਪਾਰਟੀਆਂ ਪੈਂਦੀਆਂ ਕਿਹੜੇ ਰਾਹੇ ਨੇ ।

— ਪ੍ਰੋ. ਕਿਸ਼ਨ ਸਿੰਘ

## ਪੇਸ਼ ਮਸਲੇ ਤੋਂ ਖਿਸਕੀ ਆਲੋਚਨਾ

ਪ੍ਰੋ: ਕਿਸ਼ਨ ਸਿੰਘ ਸਿੰਘ (ਪੇਸ਼ ਮਸਲੇ ਦੀ ਸਰਦਾਰੀ, ਸੇਧ, ਜੁਲਾਈ ਅੰਕ, ਸਫਾ 29) ਮੇਰੇ ਨਾਲ ਮੋਟੇ ਚਾਰ ਨੁਕਤਿਆਂ ਉਤੇ ਅਸਹਿਮਤ ਹਨ ।

ਪਹਿਲਾ ਨੁਕਤਾ ਨਿਰਾਸ਼ਾ ਤੇ ਆਸ਼ਾ ਦਾ ਹੈ । ਪ੍ਰੋਫ਼ੈਸਰ ਸਾਹਿਬ ਨੇ ਮੇਰੇ ਇਕ ਵਾਕ ਨੂੰ ਲੈ ਕੇ **ਪੰਜ ਸਵਾਲ** ਖੜ੍ਹੇ ਕੀਤੇ ਹਨ । ਸਵਾਲ ਜਵਾਬ ਨਾਲੋ-ਨਾਲ ਹਾਜ਼ਰ ਹਨ :

**ਸਵਾਲ** : ਕੀ ਸ਼ੈਲੀ ਐਨੀ ਤਾਕਤਵਰ ਚੀਜ਼ ਹੈ ਕਿ ਸਥਿਤੀ ਨਿਰਾਸ਼ਾ ਦੀ ਹੋਵੇ ਤੇ ਉਹ ਉਸਨੂੰ ਆਸ਼ਾਵਾਦੀ ਬਣਾ ਸਕੇ ?

**ਜਵਾਬ** : ਰਚਨਾ ਤੋਂ ਅੱਡ ਸ਼ੈਲੀ ਦਾ ਕੋਈ ਵਜੂਦ ਨਹੀਂ ਹੁੰਦਾ। ਇਸ ਦੀ ਤਾਕਤ ਤੇ ਕਮਜ਼ੋਰੀ ਰਚਨਾ ਦੀ ਹੀ ਤਾਕਤ ਤੇ ਕਮਜ਼ੋਰੀ ਹੁੰਦੀ ਹੈ। ਪਰ ਰਚਨਾ ਵਿਚਲੀ ਵਸਤੂ ਤੇ ਸ਼ੈਲੀ ਦਾ ਰਿਸ਼ਤਾ ਦਵੰਦਮਈ ਹੁੰਦਾ ਹੈ ਕਿਉਂਕਿ ਸ਼ੈਲੀ ਨੂੰ **ਕੇਵਲ** ਸਥਿਤੀ, ਸਮਾਜਕ ਅਸਲੀਅਤ ਹੀ ਨਿਰਧਾਰਤ (determine) ਨਹੀਂ ਕਰਦੀ, ਦੋ ਹੋਰ ਫੈਕਟਰ ਵੀ ਕਰਦੇ ਹਨ। ਉਹਨਾਂ ਵਿਚੋਂ ਇਕ ਹੈ ਲੇਖਕ ਦਾ ਸਥਿਤੀ ਵੱਲ ਰਵੱਈਆ, ਉਸ ਦਾ ਦ੍ਰਿਸ਼ਟੀਕੋਣ ਤੇ ਦੂਜਾ ਹੈ ਉਸ ਦਾ ਪਾਠਕ, ਜਾਂ ਲੇਖਕ ਦੀ ਪਾਠਕ ਪ੍ਰਤੀ ਜ਼ਿੰਮੇਵਾਰੀ। ਵਸਤੂ ਤੇ ਸ਼ੈਲੀ ਦਾ ਦਵੰਦ ਤੇ ਕਿਸੇ ਰਚਨਾ ਦਾ ਸਮੁਚਾ ਰੂਪ ਸਥਿਤੀ ਤੇ ਲੇਖਕ ਦੇ ਦਵੰਦ ਅਤੇ ਲੇਖਕ ਤੇ ਪਾਠਕ ਦੇ ਦਵੰਦ ਉਤੇ ਆਧਾਰਿਤ ਹੁੰਦਾ ਹੈ। ਮੈਂ ਆਪਣੇ ਪਰਚੇ ਵਿਚ ਸਪਸ਼ਟ ਕਰ ਚੁਕਾ ਹਾਂ ਕਿ 'ਕੰਵਲ' ਦੇ ਨਾਵਲ ਦੀ ਸ਼ੈਲੀ ਸਥਿਤੀ ਦੇ ਅਨੁਰੂਪ ਹੈ, ਪਰ ਇਸ ਦੇ ਪਿਛੇ ਉਸ ਦਾ ਭਾਵੁਕ ਰਵੱਈਆ ਤੇ ਆਪਣੇ ਪਾਠਕ ਉਤੇ ਆਸ਼ਾਮਈ ਪ੍ਰਭਾਵ ਪਾਉਣ ਦੀ ਖਾਹਿਸ਼ ਵੀ ਕੰਮ ਕਰਦੀ ਹੈ।

**ਸਵਾਲ** : ਕੀ ਇਉਂ ਕਰਨ ਵਾਲਾ ਸਾਹਿਤਕਾਰ ਅਸਲੀਅਤ 'ਤੇ ਪਰਦਾ ਪਾ ਕੇ ਪਾਠਕਾਂ ਨੂੰ ਧੋਖਾ ਦੇ ਰਿਹਾ ਹੈ ਜਾਂ...?

**ਜਵਾਬ** : ਬਾਕੀ ਸਾਹਿਤਕਾਰਾਂ ਦੀ ਗੱਲ ਛਡੋ, 'ਕੰਵਲ' ਦੀ ਈਮਾਨਦਾਰੀ ਉਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਉਹ ਪੂਰੀ ਵਫ਼ਾਦਾਰੀ ਨਾਲ ਅਸਲੀਅਤ ਨੂੰ ਬੇਪਰਦ ਕਰ ਰਿਹਾ ਹੈ ਤੇ ਉਸ ਅਸਲੀਅਤ ਦਾ ਲੋੜੀਂਦਾ ਪ੍ਰਭਾਵ ਵੀ ਪਾ ਰਿਹਾ ਹੈ, ਪਰ ਇਹ ਗੱਲ ਸਾਨੂੰ ਨਹੀਂ ਭੁਲਣੀ ਚਾਹੀਦੀ ਕਿ ਕੋਈ ਲੇਖਕ ਪੂਰੀ ਈਮਾਨਦਾਰੀ ਨਾਲ ਵੀ ਕਿਸੇ ਸਥਿਤੀ ਦੀ ਸੰਪੂਰਨ ਅਸਲੀਅਤ ਨੂੰ ਪੇਸ਼ ਨਹੀਂ ਕਰ ਸਕਦਾ।

**ਸਵਾਲ** : ਕੀ ਅਚੇਤ ਜਾਂ ਸੁਚੇਤ ਕੰਵਲ ਇਹ ਕਾਰਾ ਕਰ ਰਿਹਾ ਹੈ ?

**ਜਵਾਬ** : ਨਹੀਂ।

**ਸਵਾਲ** : ਕੀ ਡਾਕਟਰ ਕੇਸਰ ਸਿੰਘ ਅਚੇਤ ਹੀ ਆਪਣੇ ਮਨ ਦੀ ਨਿਰਾਸ਼ਾ ਨੂੰ ਸਥਿਤੀ ਤੇ ਕੰਵਲ, ਦੋਹਾਂ ਵਿਚ ਨਹੀਂ ਪਾ ਰਿਹਾ ?

**ਜਵਾਬ** : ਅਚੇਤ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਸੁਚੇਤ ਤੌਰ 'ਤੇ ਪੇਸ਼ ਸਥਿਤੀ ਵੱਲ ਮੇਰਾ ਪ੍ਰਤੀਕਰਮ ਮਿੱਸਾ ਹੈ। ਮੈਂ ਇਸ ਤੋਂ ਨਿਰਾਸ਼ ਵੀ ਹੋਇਆ ਹਾਂ ਤੇ ਮੇਰੀ ਆਸ਼ਾ ਪਹਿਲਾਂ ਨਾਲੋਂ ਬਲਵਾਨ ਵੀ ਹੋਈ ਹੈ। ਇਸ ਸਥਿਤੀ ਨਾਲ ਮੈਨੂੰ ਪਹਿਲਾਂ ਨਾਲੋਂ ਵਧ ਹਮਦਰਦੀ ਹੋਈ ਹੈ। ਇਸ ਤੋਂ ਮੈਂ ਇਹ ਸਬਕ ਸਿਖਿਆ ਹੈ ਕਿ ਮਨੁੱਖੀ ਆਜ਼ਾਦੀ ਲਈ ਰਾਜਸੀ ਜੰਗ ਲੜਨ ਤੇ ਸੰਮਾਂ ਵਾਲੀ ਡਾਂਗ ਨੂੰ ਤੇਲ ਲਾ ਕੇ ਮੇਲੇ 'ਚ ਜਾ ਵੜਨ ਵਿਚ ਜ਼ਿਮੀਂ ਆਸਮਾਨ ਦਾ ਫਰਕ ਹੁੰਦਾ ਹੈ ਅਤੇ ਮੇਰੀ ਇਹ ਉਮੀਦ ਪੱਕੀ ਹੋਈ ਹੈ ਕਿ ਡਿਗ ਡਿਗ ਕੇ ਕਿਸੇ ਦਿਨ ਜ਼ਰੂਰ ਸ਼ਾਹਸਵਾਰ ਬਣਾਂਗੇ। ਮੈਂ ਲਹਿਰ ਨੂੰ ਕਚ ਦਾ ਗਲਾਸ ਨਹੀਂ ਸਮਝਦਾ, ਪਰ ਜੇ ਮੇਰੀ ਗ਼ਲਤੀ ਨਾਲ ਕਚ ਦਾ ਗਲਾਸ ਡਿਗ ਕੇ ਟੁੱਟ ਜਾਏ ਤਾਂ ਮੈਨੂੰ ਆਪਣੀ ਗ਼ਲਤੀ ਦੀ ਮਾਯੂਸੀ ਹੁੰਦੀ ਹੈ, ਟੁਟੇ ਗਲਾਸ ਨਾਲ ਹਮਦਰਦੀ ਵੀ ਹੁੰਦੀ ਹੈ, ਨਾਲ ਹੀ ਇਹ ਸਿਖਿਆ ਵੀ ਮਿਲਦੀ ਹੈ ਕਿ ਅਗੇ ਨੂੰ ਗਲਾਸ ਟੁਟਣ ਵਾਲੀ ਥਾਂ ਨਹੀਂ ਰੱਖਣਾ, ਪਰ ਨਵਾਂ ਗਲਾਸ ਵਿਹਾਜਣ ਦੀ ਇਛਾ ਤੇ ਉਮੀਦ ਵੀ ਕਦੇ ਖ਼ਤਮ ਨਹੀਂ ਹੁੰਦੀ।

**ਸਵਾਲ** : ਕੀ ਡਾਕਟਰ ਕੇਸਰ ਸਿੰਘ ਦੀ ਸਮਝ ਹੀ ਟਪਲਾ ਖਾ ਰਹੀ ਹੈ ਜਾਂ ਲਹਿਰ ਦੀ ਕਰਨੀ ਸੱਚੀਂ ਮੁਚੀਂ ਨਿਰਾਸ਼ਾ 'ਤੇ ਆਣ ਮੁਕਦੀ ਹੈ ?

**ਜਵਾਬ** : ਮੇਰਾ ਸਿੱਧਾ ਸੰਬੰਧ ਨਾਵਲ ਵਿਚ ਪੇਸ਼ ਹੋਈ ਲਹਿਰ ਦੀ ਕਰਨੀ ਨਾਲ ਸੀ ਤੇ ਮੈਂ



ਪਰਚੇ ਦੇ ਪਹਿਲੇ ਅੱਧ ਵਿਚ ਇਹ ਸਿੱਧ ਕੀਤਾ ਹੈ ਕਿ ਇਹ ਕਰਨੀ ਨਿਰਾਸ਼ਾ 'ਤੇ ਆ ਕੇ ਨਹੀਂ ਮੁੱਕਦੀ, ਜਾਂ ਕਹੋ ਕਿ ਨਾਵਲਕਾਰ ਨੇ ਨਿਰਾਸ਼ਾ ਉਤੇ ਨਹੀਂ ਮੁਕਾਈ। ਆਪਣੀ ਰਾਇ ਦੇ ਹੱਕ ਵਿਚ ਮੈਂ ਲੈਨਿਨ ਨੂੰ ਇਸ ਲਈ ਪੇਸ਼ ਕੀਤਾ ਹੈ ਤਾਕਿ ਮੈਂ ਆਪਣੇ ਸਿਧਾਂਤਕ ਪੈਂਤੜੇ ਨੂੰ ਹੋਰ ਸਪਸ਼ਟ ਕਰ ਸਕਾਂ। ਅਜਿਹੀ ਕਰਨੀ ਦਾ, ਰੂਸ ਦੇ ਪ੍ਰਸੰਗ ਵਿਚ, ਲੈਨਿਨ ਨੇ ਵਿਸ਼ਲੇਸ਼ਣ ਕੀਤਾ ਤੇ ਮੇਰੇ ਖਿਆਲ ਵਿਚ ਬਿਲਕੁਲ ਸਹੀ ਕੀਤਾ। ਹਾਂ, ਪਰਚੇ ਦੇ ਅੰਤ ਵਿਚ ਮੈਂ ਇਹ ਗੱਲ ਜ਼ਰੂਰ ਕਹੀ ਹੈ ਕਿ ਜੇ 'ਕੰਵਲ' ਇਸ ਕਰਨੀ ਦੇ ਰੋਮਾਂਟਿਕ ਪਹਿਲੂ ਦੀ ਸਮਾਜਕ ਸਾਰਥਕਤਾ ਨੂੰ ਨਜ਼ਰ-ਅੰਦਾਜ਼ ਕਰਕੇ ਇਸਨੂੰ ਗ਼ੈਰ-ਜਜ਼ਬਾਤੀ ਜਾਂ ਐਂਟੀ-ਰੋਮਾਂਟਿਕ ਸ਼ੈਲੀ ਵਿਚ ਪ੍ਰਗਟਾਉਣ ਦਾ ਜਤਨ ਕਰਦਾ ਤਾਂ 'ਸ਼ਾਇਦ' ਪਾਠਕ ਇਸ ਤੋਂ ਕੁਝ ਲੋੜ ਤੋਂ ਵਧ ਨਿਰਾਸ਼ ਹੁੰਦੇ। ਪ੍ਰੋਫੈਸਰ ਸਾਹਿਬ ਨੇ ਬਿਲਕੁਲ ਠੀਕ ਬੁਝਿਆ ਹੈ ਕਿ ਮੈਂ ਨਿਰਾਸ਼ਾ ਦੀ ਕੇਵਲ '**ਸੰਭਾਵਨਾ**' ਵੱਲ ਸੰਕੇਤ ਕੀਤਾ ਹੈ। ਮੈਂ ਹੁਣ ਵੀ ਕਹਿੰਦਾ ਹਾਂ ਕਿ ਨਾਵਲ ਵਿਚ ਪੇਸ਼ ਸਥਿਤੀ (ਨਾਵਲ ਤੋਂ ਬਾਹਰਲੀ ਸਥਿਤੀ ਦੀ ਮੈਂ ਗੱਲ ਨਹੀਂ ਕਰਦਾ) ਵਿਚ ਨਿਰਾਸ਼ਾ ਦੀ ਸੰਭਾਵਨਾ ਹੈ ਤੇ ਇਸ ਉਤੇ ਚਰਚਾ ਬੇਲੋੜੀ ਨਹੀਂ ਹੋਵੇਗੀ। ਇਸ ਚਰਚਾ ਦਾ ਆਰੰਭ ਕਰਨ ਲਗਿਆਂ ਪ੍ਰੋ: ਕਿਸ਼ਨ ਸਿੰਘ ਲਿਖਦੇ ਹਨ : "ਨੁਕਤੇ ਨੂੰ ਸਾਫ਼ ਕਰਨ ਵਾਸਤੇ ਆਪਣੀ ਰਾਇ ਦੇਣ ਨਾਲੋਂ ਫੈਸਲਾ ਤੱਥਾਂ ਦੇ ਹਵਾਲੇ ਕਰ ਦੇਣਾ ਜ਼ਿਆਦਾ ਫਾਇਦੇਮੰਦ ਹੋਵੇਗਾ।" (33)। ਪਰ ਅਗੇ ਚਲ ਕੇ ਉਹ ਇਹ ਭੁਲ ਜਾਂਦੇ ਹਨ ਕਿ ਫੈਸਲਾ **ਕਿਹੜੇ ਤੱਥਾਂ** ਦੇ ਹਵਾਲੇ ਕਰਨਾ ਹੈ — ਨਾਵਲ ਵਿਚ ਪੇਸ਼ ਹੋਏ ਤੱਥਾਂ ਦੇ ? ਨਾਵਲ ਤੋਂ ਬਾਹਰ ਚੱਲ ਰਹੀ ਨਕਸਲਬਾੜੀ ਲਹਿਰ ਅਤੇ ਅੰਤਰ-ਰਾਸ਼ਟਰੀ ਗੁਰੀਲਾ ਲਹਿਰਾਂ ਦੇ ਤੱਥਾਂ ਦੇ ? ਜਾਂ ਨਾਵਲ ਅਤੇ ਲਹਿਰ, ਦੋਹਾਂ ਤੋਂ ਢੇਰ ਪਹਿਲਾਂ ਦੀਆਂ ਸਾਹਿਤਕ ਰਚਨਾਵਾਂ ਤੇ ਰਾਜਸੀ ਘਟਨਾਵਾਂ ਦੇ ਤੱਥਾਂ ਦੇ ?

ਜੇ ਉਹ ਪੇਸ਼ ਮਸਲੇ ਦੀ ਸਰਦਾਰੀ ਕਾਇਮ ਰੱਖਣਾ ਚਾਹੁੰਦੇ ਸਨ ਤਾਂ ਤੱਥ ਨਾਵਲ ਵਿਚੋਂ ਲੈਣੇ ਚਾਹੀਦੇ ਸਨ ਤੇ ਉਹਨਾਂ ਦੀ ਤੁਲਨਾ ਅੰਤਰ-ਰਾਸ਼ਟਰੀ ਸਮਾਜਵਾਦੀ ਇਨਕਲਾਬਾਂ, ਵਰਤਮਾਨ ਅੰਤਰ-ਰਾਸ਼ਟਰੀ ਗੁਰੀਲਾ ਜੰਗਾਂ ਤੇ ਵਰਤਮਾਨ ਰਾਸ਼ਟਰੀ ਰਾਜਸੀ ਸਥਿਤੀ ਨਾਲ ਕਰਕੇ ਇਹ ਦੇਖਣਾ ਚਾਹੀਦਾ ਸੀ ਹੋਈ ਸਥਿਤੀ ਵਿਚ ਨਿਰਾਸ਼ਾ ਦੀ ਕੋਈ ਗੁੰਜਾਇਸ਼ ਹੈ ਜਾਂ ਨਹੀਂ। ਪਰ ਉਹਨਾਂ ਨੇ ਆਪਣਾ ਫੈਸਲਾ ਜਿਨ੍ਹਾਂ ਤੱਥਾਂ ਦੇ ਹਵਾਲੇ ਕੀਤਾ ਹੈ ਉਹ ਹਨ : **ਪੈਰਿਸ ਕਮਿਊਨ, ਗਦਰੀ ਬਾਬੇ, ਭਗਤ ਸਿੰਘ ਦੀ ਸ਼ਹੀਦੀ, ਗੁਰੂ ਅਰਜਨ ਤੇ ਗੁਰੂ ਤੇਗ ਬਹਾਦਰ ਸਾਹਿਬਾਨ ਦੀਆਂ ਸ਼ਹੀਦੀਆਂ, ਉਨ੍ਹੀਵੀਂ ਸਦੀ ਦੇ ਰੂਸੀ ਨਾਟਕਾਰ ਅਸਤਰੋਸਕੀ ਦਾ ਨਾਟਕ ਥੰਡਰ ਸਟਾਰਮ, ਵਾਰਸ ਦੀ ਹੀਰ, ਗੋਰਕੀ ਦੀਆਂ ਮੁਢਲੀਆਂ ਲਿਖਤਾਂ ਤੇ ਟਰੈਜਿਡੀ ਦੇ ਨਾਇਕ।**

ਇਹਨਾਂ ਤੱਥਾਂ ਦੀ ਵਿਆਖਿਆ ਕਰਦੇ ਕਰਦੇ ਉਹ ਸਾਨੂੰ ਲਿਜਾਂਦੇ ਕਿਥੇ ਹਨ ? ਫਰੀਦ ਸਾਹਿਬ ਦੇ ਦਰਵੇਸ਼ ਕੋਲ। ਉਹ ਦਰਵੇਸ਼ ਜਿਹੜਾ ਬਾਰ ਪਰਾਏ ਬੈਠਣਾ ਪਸੰਦ ਨਾ ਕਰਦਾ ਹੋਇਆ ਵੀ ਇਹ ਹੋਕਾ ਦਿੰਦਾ ਹੈ : "ਜੋ ਤੈ ਮਾਰਨ ਮੁਕੀਆ ਤਿਨਾ ਨਾ ਮਾਰੀ ਘੁੰਮਿ। ਆਪਨੜੈ ਘਰ ਜਾਈਐ ਪੈਰ ਤਿਨਾ ਦੇ ਚੁੰਮ।"

ਪ੍ਰੋਫੈਸਰ ਸਾਹਿਬ ਕਹਿਣਗੇ : ' ਬੰਦੇ ਦੀ ਤਿਆਰੀ ਵਿਚ ਸਟੇਜਾਂ ਮੁਮਕਿਨ ਹਨ, ਤੇ ਇਹ ਮੁਮਕਿਨ, ਮੁਢਲੀ ਸਟੇਜ ਹੈ।" (34)। ਪਰ ਕੀ 'ਕੰਵਲ' ਦੇ ਨਾਇਕ ਮੁਢਲੀ ਸਟੇਜ ਉਤੇ ਹਨ ? ਫਰੀਦ ਸਾਹਿਬ ਦੇ ਦਰਵੇਸ਼, ਕਬੀਰ ਸਾਹਿਬ ਦੇ ਭਗਤ, ਗੁਰਬਾਣੀ ਦੇ ਗੁਰਮੁਖ ਤੇ ਵਾਰਸ ਸ਼ਾਹ ਦੇ ਆਸ਼ਕਾਂ ਦੇ ਵਾਰਸ ਕੀ ਅਜੇ ਮੁਢਲੀ ਸਟੇਜ ਉਤੇ ਹੀ ਹਨ ? ਪੈਰਿਸ ਕਮਿਊਨ ਦੇ ਉਹਨਾਂ ਕਾਮਿਆਂ ਦੇ ਵਾਰਸ ਕੀ ਅਜੇ ਮੁਢਲੀ ਸਟੇਜ ਵਿਚ ਹੀ ਹਨ ਜਿਨ੍ਹਾਂ ਨੇ 1871 ਈ: ਵਿਚ ਪੂਰੇ 72 ਦਿਨ ਪੈਰਿਸ ਤੇ ਪੈਰਿਸ

ਦੇ ਨਾਲ ਲਗਵੇਂ ਕੁਝ ਜ਼ਿਲ੍ਹਿਆਂ ਉਤੇ ਲਾਲ ਝੰਡਾ ਝੁਲਾਈ ਰਖਿਆ ਸੀ ? ਕੀ ਇਹਨਾਂ ਦੀ ਕਰਨੀ ਦੀ ਪਿੱਠ 'ਤੇ ਰੂਸ ਦੀ ਕ੍ਰਾਂਤੀ, ਚੀਨ ਦਾ ਇਨਕਲਾਬ, ਵੀਅਤਨਾਮ ਦਾ ਸੰਘਰਸ਼, ਤੇ...ਤੇ ਭਾਰਤੀ ਕਮਿਊਨਿਸਟ ਲਹਿਰ ਦਾ ਪੰਜਾਹ ਵਰ੍ਹਿਆਂ ਦਾ ਤਰਜਬਾ ਨਹੀਂ ਸੀ ? ਜੇ ਸੀ, ਤਾਂ ਸਟੇਜ ਮੁਢਲੀ ਕਿਵੇਂ ਹੋਈ ? ਤੇ ਇਨਕਲਾਬੀ ਵਿਰਸੇ ਦੇ ਬਾਵਜੂਦ ਵੀ, ਜੇ ਉਹ ਇਸ ਵਿਰਸੇ ਵੱਲ ਪਿੱਠ ਕਰਕੇ, ਮੁਢਲੀ ਸਟੇਜ ਉਤੇ ਹੀ ਖਲੋਤੇ ਹਨ ਤਾਂ ਪ੍ਰੋਫੈਸਰ ਸਾਹਿਬ ਆਪ ਹੀ ਦੱਸਣ ਸਥਿਤੀ ਵਿਚ ਨਿਰਾਸ਼ਾ ਦੀ ਕੋਈ ਸੰਭਾਵਨਾ ਹੈ ਜਾਂ ਨਹੀਂ ? ਜੇ ਸਾਡੇ ਹੀਰੋ ਅਜੇ ਵੀ ਮਾਰਕਸਵਾਦ ਨੂੰ ਵਰਨੋਂ ਅਸਮਰਥ ਰਹੇ ਹਨ ਤੇ ਮਾਰਕਸਵਾਦ ਦਾ ਬੂਟਾ ਪੰਜਾਬ ਵਿਚ ਤੁਰ ਹੀ ਨਹੀਂ ਰਿਹਾ ਤਾਂ ਨਿਰਾਸ਼ਾ ਦੀ ਕੋਈ ਗੁੰਜਾਇਸ਼ ਹੈ ਜਾਂ ਨਹੀਂ ?

ਜ਼ਾਹਿਰ ਹੈ ਕਿ ਪ੍ਰੋ: ਕਿਸ਼ਨ ਸਿੰਘ ਦੀ ਆਲੋਚਨਾ ਪੇਸ਼ ਮਸਲੇ ਤੋਂ ਖਿਸਕ ਕੇ ਤੇ ਫਿਰ ਫਿਸਲ ਕੇ ਭੂਤ ਦੀ ਖੁੱਡ ਵਿਚ ਜਾ ਡਿਗੀ ਹੈ । ਨਾਵਲ ਦੇ ਪਾਤਰਾਂ ਦੀ ਕਰਨੀ ਨੂੰ ਸਿਧਾਂਤ ਦੀ ਤੱਕੜੀ 'ਤੇ ਚਾੜ੍ਹਨ ਦੀ ਥਾਂ ਉਹਨਾਂ ਨੇ ਭੂਤਕਾਲ ਦੇ ਨਾਇਕਤਵ ਦੇ ਸੋਹਲੇ ਗਾਏ ਹਨ । ਇਹ ਉਹਨਾਂ ਦੀ ਆਪਣੀ ਅਚੇਤ ਨਿਰਾਸ਼ਾ ਤੇ ਰੋਮਾਂਟਿਕ ਬਿਰਤੀ ਦਾ ਠੋਸ ਸਬੂਤ ਹੈ ।

2 ਪ੍ਰੋ: ਕਿਸ਼ਨ ਸਿੰਘ ਦਾ ਦੂਜਾ ਇਤਰਾਜ਼ ਤੇ ਸੁਝਾਅ ਇਹ ਹੈ : "ਡਾਕਟਰ ਕੇਸਰ ਸਿੰਘ 'ਕੰਵਲ' ਨੂੰ ਭਾਵੁਕ ਕਹਿੰਦਾ ਹੈ । ਸ਼ਾਇਦ ਇਹ ਕਹਿਣਾ ਜ਼ਿਆਦਾ ਸਹੀ ਹੈ ਕਿ ਕੰਵਲ ਜੀਊਂਦਾ ਹੈ ।"

ਇਥੇ ਪ੍ਰੋਫੈਸਰ ਸਾਹਿਬ ਨੂੰ ਫਰੀਦ ਜੀ ਦਾ ਇਹ ਸ਼ਲੋਕ ਜ਼ਰੂਰ ਯਾਦ ਆਇਆ ਹੋਵੇਗਾ : "ਜਿਤੁ ਤਨੁ ਬਿਰਹਾ ਨਾ ਉਪਜੈ ਸੋ ਤਨੁ ਜਾਣ ਮਸਾਣ", ਪਰ ਉਹਨਾਂ ਨੇ ਇਹ ਰਾਏ ਦੇਣ ਲਗਿਆਂ ਫੈਸਲਾ ਆਪਣੇ ਹੱਥ ਰਖਿਆ ਹੈ, ਫਰੀਦ ਜੀ ਦੇ ਹਵਾਲੇ ਨਹੀਂ ਕੀਤਾ । ਠੀਕ ਹੈ, ਭਾਵੁਕਤਾ ਤੋਂ ਬਿਨਾਂ ਬੰਦਾ ਮੁਰਦਾ ਹੈ, 'ਸ਼ਾਇਦ' ਉਸ ਦੀ ਇਕ ਤਰ੍ਹਾਂ ਪ੍ਰਸੰਸਾ ਹੀ ਕੀਤੀ ਹੈ । ਮੈਂ ਭਾਵ ਨੂੰ, ਜਜ਼ਬੇ ਨੂੰ ਬੁਨਿਆਦੀ ਅਕਲ (Basic intellect) ਦਾ ਵਿਰੋਧੀ ਨਹੀਂ ਮੰਨਦਾ । ਭਾਵੁਕ ਵੀ ਕੋਈ ਅਕਲਮੰਦ ਹੀ ਹੁੰਦਾ ਹੈ । ਮੈਂ ਇਥੇ 'ਭਾਵੁਕਤਾ' ਨੂੰ "ਸਿਧਾਂਤਕ ਸਿਖਲਾਈ" ਦੇ ਵਿਰੋਧ ਵਿਚ ਵਿਚਾਰਿਆ ਹੈ । ਮੈਂ ਇਹ ਕਿਹਾ ਹੈ ਕਿ ਕੰਵਲ, ਅੱਪਟਨ ਸਿੰਕਲੇਅਰ ਵਾਂਗ, ਸਿਧਾਂਤਕ ਸਿਖਲਾਈ ਤੋਂ ਵਿਰਵਾ ਹੈ । ਨਾਵਲ ਦੀ ਭੂਮਿਕਾ ਤੋਂ ਲੈ ਕੇ ਆਖ਼ਰੀ ਫਿਕਰੇ ਤੱਕ ਉਸ ਦੇ ਸਿਧਾਂਤਕ ਪੈਂਤੜੇ ਦਾ ਪਤਾ ਨਹੀਂ ਲਗਦਾ। ਪਾਤਰਾਂ ਦੀ ਸਿਧਾਂਤਕ ਕਮਜ਼ੋਰੀ (ਜਿਸਨੂੰ ਪ੍ਰੋਫੈਸਰ ਕਿਸ਼ਨ ਸਿੰਘ ਨੇ ਫੜਿਆ ਹੈ) ਨੂੰ ਵੀ ਉਹ ਸਿਧਾਂਤਕ ਪੱਧਰ ਉਤੇ ਉਭਾਰ ਕੇ ਪੇਸ਼ ਨਹੀਂ ਕਰ ਸਕਿਆ, ਕੇਵਲ ਜੁਆਨੀ ਦਾ 'ਜੋਸ਼' ਕਹਿ ਕੇ ਕੰਮ ਸਾਰਿਆ ਗਿਆ ਹੈ । ਇਕ ਪਾਸੇ ਉਹ ਇਹ ਪੇਸ਼ ਕਰਨ ਦਾ ਜਤਨ ਕਰਦਾ ਹੈ ਕਿ ਪਾਤਰਾਂ ਦੀ ਸਿਧਾਂਤਕ ਅਗਵਾਈ ਬੰਗਾਲ ਤੇ ਚੀਨ ਦੇ ਹੰਢੇ ਹੋਏ ਮਾਰਕਸਵਾਦੀ ਕਰ ਰਹੇ ਸਨ ਤੇ ਉਹ ਮੀਟਿੰਗਾਂ ਵਿਚ ਬਹਿਸਾਂ ਕਰਕੇ ਉਸ ਸਿਧਾਤ ਅਨੁਸਾਰ ਆਪਣੇ ਸਮਾਜ ਦੀ ਉਸਾਰੀ ਦੇ ਕਾਨੂੰਨ ਨੂੰ ਸਮਝਣ ਲਈ ਹੋਸ਼ਮੰਦ ਹਨ; ਦੂਜੇ ਪਾਸੇ ਕਹਿੰਦਾ ਹੈ ਕਿ ਉਹਨਾਂ ਨੂੰ ਹੋਸ਼ ਹੀ ਨਹੀਂ ਸੀ । ਸਿਧਾਂਤਬੱਧ ਰਾਜਨੀਤਕ ਲਹਿਰ ਦੀ ਪੇਸ਼ਕਾਰੀ ਲਈ ਲੇਖਕ ਨੂੰ ਵੀ ਸਿਧਾਂਤ ਵਿਚ ਪਰਪੱਕ ਹੋਣਾ ਜ਼ਰੂਰੀ ਹੁੰਦਾ ਹੈ । ਸਿਧਾਂਤ ਉਤੇ ਲੈਕਚਰ ਦੇਣਾ ਲੇਖਕ ਦਾ ਕੰਮ ਨਹੀਂ, ਪਰ ਆਪਣੇ ਸਿਧਾਂਤਬੱਧ ਨਾਇਕਾਂ ਦੀ ਸਿਧਾਂਤਕ ਪੱਧਰ ਦੀ ਥਾਹ ਪਾਉਣ ਲਈ ਉਸ ਦੇ ਲਈ ਸਿਧਾਂਤਕ ਸਿਖਲਾਈ ਦੀ ਲੋੜ ਹੈ । ਸੋ ਇਹਨਾਂ ਅਰਥਾਂ ਵਿਚ ਕੰਵਲ ਭਾਵੁਕ ਹੈ ।

3. ਪ੍ਰੋ: ਕਿਸ਼ਨ ਸਿੰਘ ਦਾ ਤੀਜਾ ਇਤਰਾਜ਼ ਇਹ ਹੈ : "ਡਾਕਟਰ ਕੇਸਰ ਸਿੰਘ ਨਕਸਲਬਾੜੀ ਨਾਇਕਾਂ ਦੇ 'ਮਧ-ਵਰਗੀ' ਹੋਣ ਨੂੰ ਬਹੁਤ ਤੂਲ ਦੇਂਦੇ ਹਨ ।"



ਇਥੇ ਫੇਰ ਪ੍ਰੋਫੈਸਰ ਸਾਹਿਬ ਨੇ ਬਹੁਤ ਸਾਰੇ ਸਵਾਲ ਉਠਾਏ ਹਨ । ਮੈਂ ਉਹਨਾਂ ਦੇ ਵਿਸਥਾਰ ਵਿਚ ਇਸ ਕਰਕੇ ਨਹੀਂ ਜਾਣਾ ਚਾਹੁੰਦਾ ਕਿਉਂਕਿ ਉਹਨਾਂ ਦਾ ਨਿਰਣਾ ਕਰਨ ਲਈ ਮਾਰਕਸ, ਏਂਗਲਜ਼, ਮਾਓ, ਆਦਿ ਦੀਆਂ ਜਿਨ੍ਹਾਂ ਲਿਖਤਾਂ ਵਿਚੋਂ ਮੈਂ ਹਵਾਲੇ ਦੇਣੇ ਹਨ ਉਹ ਆਮ ਮਿਲਦੀਆਂ ਹਨ । ਉਹਨਾਂ ਵਿਚੋਂ ਹਰ ਕੋਈ ਪੜ੍ਹ ਸਕਦਾ ਹੈ ਕਿ ਕਿਸੇ ਕਮਿਊਨਿਸਟ ਪਾਰਟੀ ਦੇ ਜਮਾਤੀ ਆਧਾਰ ਕਿਹੜੇ ਕਿਹੜੇ ਹੁੰਦੇ ਹਨ ? ਮਧ ਵਰਗ ਵਿਚੋਂ ਆਏ ਆਗੂ declass ਕਿਵੇਂ ਹੁੰਦੇ ਹਨ ? ਚੀਨ ਦੇ ਇਨਕਲਾਬ ਦੇ ਕਿੰਨੇ ਪੜਾਅ ਸਨ ਤੇ ਹਰ ਪੜਾਅ ਉਤੇ ਕਿਹੜੀ ਜਮਾਤ ਮੋਹਰੀ ਸੀ ? ਜਦੋਂ ਕੋਈ ਪਾਰਟੀ ਇਕਾਨੌਮਿਜ਼ਮ ਦੀ ਸ਼ਿਕਾਰ ਹੁੰਦੀ ਹੈ ਤਾਂ ਕਿਵੇਂ ਉਸ ਦਾ ਜਮਾਤੀ ਆਧਾਰ ਪਰੋਲਤਾਰੀ ਨਹੀਂ ਰਹਿੰਦਾ, ਮਧ-ਵਰਗੀ, ਪੈਟੀ-ਬੁਰਜੂਆ ਜਾਂ ਅਫਸਰਸ਼ਾਹੀ ਬਣਦਾ ਹੈ ? ਆਦਿਕ, ਆਦਿਕ...।

ਮੈਂ ਨਾਇਕਾਂ ਦੇ ਮਧ-ਵਰਗੀ ਹੋਣ ਨੂੰ ਇਸ ਕਰਕੇ ਬਹੁਤ ਤੂਲ ਦਿੰਦਾ ਹਾਂ ਕਿ ਨਾਵਲ ਵਿਚ ਪੇਸ਼ ਹੋਈ ਲਹਿਰ ਦੀ ਅਸਫਲਤਾ ਦਾ ਪਦਾਰਥਕ ਆਧਾਰ ਹੀ ਇਹ ਬਣਦਾ ਹੈ । ਮੈਂ ਇਹ ਕਿਧਰੇ ਨਹੀਂ ਕਿਹਾ ਕਿ ਮਧ-ਵਰਗੀ ਪਾਤਰ ਅਫਰਾਊ ਹਨ, ਸਗੋਂ ਮੈਂ ਤਾਂ ਇਹ ਕਿਹਾ ਹੈ ਕਿ ਇਸ ਲਹਿਰ ਦਾ ਸਾਰਾ ਦਾਰੋਮਦਾਰ ਮਧ-ਵਰਗ ਉਤੇ ਹੈ । ਕੇਵਲ ਮਧ-ਵਰਗੀ ਪਾਤਰ ਹੀ ਨਹੀਂ, ਸਮੁਚਾ ਮਧ-ਵਰਗ ਆਗੂ ਹੈ । ਹੇਠਲਾ ਵਰਗ ਪਾਛੂ ਦਾ ਰੋਲ ਨਿਭਾਉਂਦਾ ਹੈ । ਜਦੋਂ ਸਮੁਚੀ ਲਹਿਰ ਹੀ ਮਧ-ਵਰਗ ਦੇ ਹੱਥ ਹੈ ਤਾਂ ਜੁਆਲਾ ਤੇ ਮਲੀਕਤ ਚੇਤੰਨਤਾ ਵਿਚ ਨਿਪੁੰਨ ਕਿਵੇਂ ਹੋ ਜਾਂਦੇ ? ਇਸ ਲਹਿਰ ਨੂੰ ਚਲਾਉਂਦੇ ਹਨ ਪ੍ਰੋਫੈਸਰ, ਮਾਸਟਰ, ਕਲਰਕ, ਵਿਦਿਆਰਥੀ । ਫੰਡ ਵੀ ਇਹਨਾਂ ਕੋਲੋਂ ਹੀ ਮਿਲਦਾ ਹੈ ਜਾਂ ਫਿਰ ਸੀ. ਆਈ. ਏ. ਦੇ ਏਜੰਟ ਪ੍ਰੋਫੈਸਰਾਂ ਕੋਲੋਂ । ਤੇ ਗੁਪਤਵਾਸ ਵੀ ਬਹੁਤ ਹੱਦ ਤੱਕ ਇਹਨਾਂ ਕੋਲੋਂ ਹੀ ਮਿਲਦਾ ਹੈ । ਗੱਲ ਇਕ-ਅੱਧ ਪਾਤਰ ਦੇ ਮਧ-ਵਰਗੀ ਜਾਂ ਧਾਰਮਕ ਹੋਣ ਦੀ ਨਹੀਂ — ਅਜਿਹੇ ਅਪਵਾਦ ਹਰ ਲਹਿਰ ਵਿਚ ਹੁੰਦੇ ਹਨ । ਗੱਲ ਸਮੁਚੀ ਲਹਿਰ ਦੇ ਅਮਲੀ ਖੇਤਰ ਦੀ ਹੈ । ਪ੍ਰੋਫੈਸਰ ਸਾਹਿਬ ਇਸ ਲਹਿਰ ਦੇ ਜਮਾਤੀ ਵਿਸ਼ਲੇਸ਼ਣ ਨੂੰ ਨਜ਼ਰ-ਅੰਦਾਜ਼ ਕਰਨ ਦੀ ਸਿਫ਼ਾਰਸ਼ ਕਰਦੇ ਹੋਏ ਇਸ ਦੀ ਅਸਫਲਤਾ ਦਾ ਕਾਰਨ ਇਉਂ ਦਸਦੇ ਹਨ :

"ਗੱਲ ਹੈ ਸਾਰੀ ਮਾਰਕਸਵਾਦ ਨੂੰ ਵਰਨ ਦੀ । ਨਕਸਲਬਾੜੀ ਆਗੂਆਂ ਦਾ ਗੁਨਾਹ ਇਹ ਨਹੀਂ ਸੀ ਕਿ ਉਹ ਮਧ-ਵਰਗ ਵਿਚੋਂ ਆਏ, ਉਹਨਾਂ ਦੀ ਕਮਜ਼ੋਰੀ ਇਹ ਸੀ ਕਿ ਉਹ ਮਾਰਕਸਵਾਦ ਨੂੰ ਵਰਨੋਂ ਅਸਮਰਥ ਰਹੇ ।...ਸੋ ਗੱਲ ਸਾਰੀ ਮਾਰਕਸਵਾਦੀ ਚੇਤਨਤਾ ਦੀ ਕਚਿਆਈ 'ਤੇ ਆਈ । ਮਧ-ਵਰਗ ਦੇ ਜੰਮ-ਪਲ ਹੋਣ 'ਤੇ ਨਾ ਰਹੀ । (36-37)

ਪਰ ਮੈਂ ਕਹਿੰਦਾ ਹਾਂ ਕਿ ਗੱਲ ਮਾਰਕਸਵਾਦੀ ਅਮਲ ਦੀ ਕਚਿਆਈ 'ਤੇ ਰਹੀ ਤੇ ਇਸ ਕਚਿਆਈ ਦਾ ਕਾਰਨ ਮਧ-ਵਰਗ ਦਾ 'ਜੰਮ' ਹੋਣਾ ਭਾਵੇਂ ਨਹੀਂ, "ਪਲ" ਹੋਣਾ ਜ਼ਰੂਰ ਸੀ । ਲਹਿਰ ਜੰਮੀ ਵੀ ਮਧ-ਵਰਗ ਵਿਚ ਤੇ ਪਲੀ ਵੀ ਮਧ-ਵਰਗ ਦੇ ਸਿਰ 'ਤੇ । ਕੰਵਲ ਆਪਣੇ ਨਾਵਲ ਵਿਚ ਬਾਰ ਬਾਰ ਇਸ ਗੱਲ ਨੂੰ ਉਭਾਰਦਾ ਹੈ ਕਿ ਉਸ ਦੇ ਨਾਇਕ ਲੋਕਾਂ ਨਾਲ, ਪਰੋਲਤਾਰੀ ਨਾਲ ਇਕ-ਮਿਕ ਨਹੀਂ ਹੋ ਸਕੇ । ਕਿਉਂ ਨਹੀਂ ਹੋ ਸਕੇ ? ਮੈਂ ਲਹਿਰ ਦਾ ਜਮਾਤੀ ਵਿਸ਼ਲੇਸ਼ਣ ਕਰਕੇ ਸਿਰਫ਼ ਇਸ ਸਵਾਲ ਦਾ ਜਵਾਬ ਦਿਤਾ ਹੈ ਕਿ ਉਹ ਆਪਣੇ ਮਧ-ਵਰਗੀ ਚਰਿਤਰ ਨੂੰ ਪੂਰੀ ਤਰ੍ਹਾਂ ਤਿਆਗ ਨਹੀਂ ਸਕੇ ਕਿਉਂਕਿ ਉਹਨਾਂ ਦੇ ਅਮਲ ਦਾ ਦਾਇਰਾ ਮਧ-ਵਰਗ ਤੱਕ ਸੀਮਤ ਹੋ ਕੇ ਰਹਿ ਗਿਆ । ਜੇ ਪ੍ਰੋਫੈਸਰ ਸਾਹਿਬ ਮੇਰੇ ਕੋਲੋਂ ਪੁਛਣ ਕਿ ਉਹ ਮਾਰਕਸਵਾਦ ਨੂੰ ਵਰਨੋਂ ਅਸਮਰਥ ਕਿਉਂ ਰਹੇ ਤਾਂ ਵੀ ਮੇਰੇ ਕੋਲ ਇਹੋ ਜਵਾਬ ਹੈ । ਮੈਂ ਇਸ ਸਿਧਾਂਤ ਨੂੰ ਬਿਲਕੁਲ ਨਹੀਂ ਮੰਨਦਾ ਕਿ ਉਹਨਾਂ ਦੇ ਦਿਮਾਗ ਕਮਜ਼ੋਰ ਸਨ ਜਾਂ ਉਹਨਾਂ ਨੂੰ ਸਹੀ ਮਾਰਕਸਵਾਦੀ ਲਿਖਤਾਂ ਪੜ੍ਹਨ ਨੂੰ ਨਹੀਂ ਸਨ ਮਿਲਦੀਆਂ । ਜਿਵੇਂ

ਮੈਂ ਤੇ ਪ੍ਰੋਫ਼ੈਸਰ ਕਿਸ਼ਨ ਸਿੰਘ ਮਾਰਕਸਵਾਦ ਨੂੰ ਵਰਨ ਦਾ ਦਾਅਵਾ ਨਹੀਂ ਕਰ ਸਕਦੇ (ਕਿਉਂਕਿ ਸਾਡਾ ਅਮਲ ਮਧ-ਵਰਗ ਤਕ ਸੀਮਤ ਹੈ) ਉਸੇ ਤਰ੍ਹਾਂ ਉਹ ਵੀ ਵਰਨੋਂ ਅਸਮਰਥ ਰਹੇ। ਮਾਰਕਸਵਾਦ ਸਿਧਾਂਤ ਤੇ ਅਮਲ ਦੀ ਇਕਸੁਰਤਾ ਦਾ ਸਿਧਾਂਤ ਹੈ।

4 ਚੌਥਾ ਨੁਕਤਾ ਇਖਲਾਕੀ ਸ਼ੁਧਵਾਦ ਦਾ ਹੈ। ਪ੍ਰੋਫ਼ੈਸਰ ਸਾਹਿਬ ਲਿਖਦੇ ਹਨ ਕਿ "ਇਥੇ ਕੇਸਰ ਸਿੰਘ ਸਹੀ ਨੂੰ ਗਲਤ ਕਰਾਰ ਦੇਈ ਜਾਂਦੇ ਹਨ।" ਅਸਲ ਵਿਚ ਇਥੇ ਪ੍ਰੋਫ਼ੈਸਰ ਸਾਹਿਬ ਮੇਰੀ ਗੱਲ ਨੂੰ ਪ੍ਰਸੰਗ ਤੋਂ ਤੋੜ ਕੇ ਵਿਚਾਰਨ ਲਗ ਪਏ ਹਨ। ਮੈਂ ਇਖ਼ਲਾਕੀ ਸ਼ੁਧਤਾ ਨੂੰ ਗਲਤ ਨਹੀਂ ਕਿਹਾ ਕਿਉਂਕਿ ਮੈਂ "ਗਲਤ" ਤੇ "ਸਹੀ" ਦੇ ਨੁਕਤੇ ਤੋਂ ਇਸ ਦੀ ਚਰਚਾ ਹੀ ਨਹੀਂ ਕੀਤੀ ਤੇ ਨਾ ਹੀ ਮੈਂ ਇਥੇ ਕੇਵਲ ਧੀਰੋ ਰਾਮ ਦੇ ਇਖਲਾਕ ਦੀ ਗੱਲ ਕੀਤੀ ਹੈ। ਮੇਰੇ ਲਈ "ਇਖਲਾਕੀ ਸ਼ੁਧਵਾਦ" ਇਕ ਵਿਆਖਿਆਮਈ ਸ਼ਬਦ (Descriptive term) ਹੈ ਤੇ ਮੈਂ ਇਸ ਨੂੰ ਲਹਿਰ ਦੀ ਮਧ-ਵਰਗੀ ਸਥਿਤੀ ਨੂੰ ਸਿੱਧ ਕਰਨ ਲਈ **ਕੇਵਲ ਇਕ ਦਲੀਲ** (ਬਾਕੀ ਦਲੀਲਾਂ ਦੇ ਨਾਲ ਨਾਲ) ਵਜੋਂ ਵਰਤਿਆ ਹੈ। ਇਖ਼ਲਾਕੀ ਸ਼ੁਧਵਾਦ ਉਤੇ ਲੋੜੋਂ ਵੱਧ ਜ਼ੋਰ ਦੇਣਾ ਮਧ-ਵਰਗ ਤੇ ਮਧ-ਕ੍ਰਿਸਾਣੀ ਦਾ ਖ਼ਾਸਾ ਹੈ। ਉਪਰਲਾ ਵਰਗ ਇਖ਼ਲਾਕ ਦੀ ਬਹੁਤੀ ਪਰਵਾਹ ਨਹੀਂ ਕਰਦਾ ਤੇ ਹੇਠਲੇ ਵਰਗ ਦੇ ਇਖ਼ਲਾਕੀ ਮਾਪ ਵੀ ਮਧ-ਵਰਗ ਤੋਂ ਕੁਝ ਵਖਰੇ ਹਨ (ਨਾਵਲ ਵਿਚੋਂ ਇਸ ਦਾ ਥੋੜ੍ਹਾ ਬਹੁਤ ਅੰਦਾਜ਼ਾ ਮਲਕੀਤ ਬੁਚੇ ਤੇ ਬੰਤੀ ਦੇ ਸੰਬੰਧਾਂ ਤੋਂ ਲਗ ਸਕਦਾ ਹੈ)। ਧੀਰੋ ਰਾਮ ਦੀ ਘਟਨਾ ਤੋਂ ਇਲਾਵਾ ਕੁਝ ਹੋਰ ਘਟਨਾਵਾਂ ਵੀ ਮਧ-ਵਰਗੀ ਇਖ਼ਲਾਕੀ ਸ਼ੁਧਵਾਦ ਵੱਲ ਇਸ਼ਾਰਾ ਕਰਦੀਆਂ ਹਨ: (1) ਗੁਰਜੀਤ ਜਦੋਂ ਸੀ. ਪੀ. ਆਈ. (ਐਮ) ਤੋਂ ਮੂੰਹ ਮੋੜਦਾ ਹੈ ਤਾਂ ਉਸ ਦੇ ਕਾਰਨ ਰਾਜਸੀ ਘੱਟ, ਇਖ਼ਲਾਕੀ ਬਹੁਤੇ ਹਨ। ਉਸਨੂੰ ਇਸ ਪਾਰਟੀ ਨਾਲ ਕੇਵਲ ਇਸ ਕਰਕੇ ਨਫ਼ਰਤ ਹੁੰਦੀ ਦਿਖਾਈ ਹੈ ਕਿ ਇਸ ਦੇ ਵਰਕਰ ਸ਼ਰਾਬ ਪੀਂਦੇ ਹਨ। (2) ਹਨੀਫ ਤੇ ਗੁਲਵੰਤ ਦੀ ਦੋਸਤੀ ਰਾਜਸੀ ਵਿਚਾਰਾਂ ਦੀ ਸਾਂਝ ਕਰਕੇ ਨਹੀਂ, ਇਖ਼ਲਾਕੀ ਕਾਰਨਾਂ ਕਰਕੇ ਪੱਕੀ ਹੁੰਦੀ ਹੈ। (3) ਪ੍ਰੀਤਮ ਇਕ ਮੁਸਲਮਾਣ ਕੁੜੀ ਨੂੰ ਸਮਗਲਰ ਤੋਂ ਛੁਡਾ ਕੇ ਆਪਣੇ ਉਚਤਮ ਇਖ਼ਲਾਕ ਦਾ ਸਬੂਤ ਦਿੰਦਾ ਹੈ।

ਮੈਂ ਨਹੀਂ ਕਹਿੰਦਾ ਕਿ ਇਹ ਸਭ ਗੱਲਾਂ ਗਲਤ ਹਨ। ਬਿਲਕੁਲ ਸਹੀ ਹਨ। ਲੋਕਾਂ ਨਾਲ ਕਾਡਰ ਦਾ ਰਿਸ਼ਤਾ ਪੱਕਾ ਵੀ ਕਰਦੀਆਂ ਹਨ। ਪਰ ਮੈਂ ਸਿਰਫ਼ ਇਹ ਕਹਿੰਦਾ ਹਾਂ ਕਿ ਨਾਵਲ ਵਿਚ ਪੇਸ਼ ਹੋਈ ਲਹਿਰ ਦੇ ਨਾਇਕ ਤੇ ਉਹਨਾਂ ਦੀ ਪਾਰਟੀ ਆਪਣੇ ਅਮਲ ਦੇ ਰਾਜਸੀ ਪਹਿਲੂਆਂ ਵੱਲ ਘਟ ਤੇ ਇਖ਼ਲਾਕੀ ਪਹਿਲੂਆਂ ਵੱਲ ਜ਼ਿਆਦਾ ਧਿਆਨ ਦਿੰਦੀ ਹੈ। ਲਹਿਰ ਨੇ ਧੀਰੋ ਰਾਮ ਦਾ ਨੋਟਸ ਤਾਂ ਲਿਆ, ਮਲਕੀਤ ਦਾ ਨੋਟਸ ਨਹੀਂ ਲਿਆ, ਜਿਹੜਾ ਪਾਰਟੀ ਡਿਸਿਪਲਿਨ ਨੂੰ ਭੰਗ ਕਰਕੇ ਆਪਣੇ ਮਾਮੇ ਦੀ ਨੂੰਹ ਨੂੰ ਮਿਲਣ ਗਿਆ ਪੋਲੀਸ ਦੇ ਕਾਬੂ ਆ ਜਾਂਦਾ ਹੈ। ਠੀਕ ਹੈ, ਉਹ ਮਾਰਿਆ ਗਿਆ, ਪਰ ਉਸਦੇ ਅਮਲ ਨੂੰ ਪਿਛੋਂ ਕਿਸੇ ਨਾ ਕਿਸੇ ਪਾਰਟੀ ਮੀਟਿੰਗ ਵਿਚ ਵਿਚਾਰਿਆ ਜ਼ਰੂਰ ਜਾਣਾ ਚਾਹੀਦਾ ਸੀ। ਉਸ ਦੀ ਇਖ਼ਲਾਕੀ ਗ਼ਲਤੀ ਨਾ ਸਹੀ (ਤੁਸੀਂ ਕਹੋਗੇ ਬੰਤੀ ਕਿਹੜੀ ਓਪਰੀ ਸੀ, ਉਸ ਦੇ ਭਰਾ ਦੀ ਪਤਨੀ ਸੀ), ਉਥੇ ਜਾਣਾ ਘਟੋ ਘਟ ਉਸ ਦੀ ਰਾਜਨੀਤਕ ਗ਼ਲਤੀ ਜ਼ਰੂਰ ਹੈ। ਇਸ ਸੰਬੰਧ ਵਿਚ ਕਹੀਆਂ ਬਾਕੀ ਗੱਲਾਂ ਬਾਰੇ ਮੈਂ ਪ੍ਰੋਫ਼ੈਸਰ ਕਿਸ਼ਨ ਸਿੰਘ ਨਾਲ ਸਹਿਮਤ ਹਾਂ।

ਮੈਨੂੰ ਖ਼ੁਸ਼ੀ ਹੈ ਕਿ ਪ੍ਰੋਫ਼ੈਸਰ ਸਾਹਿਬ ਨੇ ਬੇਲਿਹਾਜ਼ ਤੇ ਬੇਬਾਕ ਹੋ ਕੇ ਆਪਣੇ ਮਤਭੇਦ ਪ੍ਰਗਟ ਕੀਤੇ ਹਨ।

—ਡਾ: ਕੇਸਰ ਸਿੰਘ 'ਕੇਸਰ'



## ਹੋਈ ਚਰਚਾ ਅਤੇ ਕੁਝ ਨਿਰਣੇ

ਵੱਖ ਵੱਖ ਪਰਚਿਆਂ ਵਿਚ ਅਤੇ ਮਾਨਸਾ ਵਿਚ 'ਲਹੂ ਦੀ ਲੋਅ' ਉਤੇ ਹੋਈ ਬਹੁ-ਪੱਖੀ ਚਰਚਾ ਇਸ ਕ੍ਰਿਤ ਦੀ ਸਾਹਿੱਤਕ-ਸਮਰੱਥਾ ਦਾ ਸਬੂਤ ਹੈ। ਇਹ ਚਰਚਾ ਆਲੋਚਕਾਂ ਤੇ ਸਾਹਿੱਤ-ਪਾਠਕਾਂ ਤੱਕ ਹੀ ਸੀਮਤ ਨਹੀਂ ਰਹੀ ਸਗੋਂ ਸਿਆਸੀ ਤੇ ਗ਼ੈਰ-ਸਿਆਸੀ ਹਲਕਿਆਂ ਅੰਦਰ ਵੀ ਇਸ ਰਚਨਾ ਨੇ ਦਿਲਚਸਪੀ ਪੈਦਾ ਕੀਤੀ ਹੈ। ਰਚਨਾ ਦੇ ਨਾਲ ਨਾਲ ਨਕਸਲੀ ਲਹਿਰ ਸੰਬੰਧੀ ਵੀ ਬਹਿਸ ਦਾ ਮੂੰਹ ਮੁੜਿਆ ਹੈ। ਇਹ ਵੀ, ਜਿਵੇਂ ਕਿ ਪ੍ਰੋ: ਕਿਸ਼ਨ ਸਿੰਘ ਨੇ ਕਿਹਾ ਹੈ, ਇਸ "ਰਚਨਾ ਦੀ ਊਣਤਾਈ ਨਹੀਂ, ਉਸ ਦੀ ਮਜ਼ਬੂਤੀ ਅਤੇ ਵਡਿਆਈ ਹੈ। ਬਹਿਸ ਦਾ ਪੇਸ਼ ਮਸਲੇ ਉਤੇ ਕੇਂਦਰਤ ਹੋ ਜਾਣਾ, ਸਗੋਂ ਇਕ ਪਾਸੇ ਤੋਂ ਇਸ ਗੱਲ ਦੀ ਗੁਆਹੀ ਹੈ ਕਿ **ਲੇਖਕ ਦੀ ਵਿਸ਼ੇ ਦੀ ਚੋਣ ਟਿਕਾਣੇ ਦੀ ਹੈ। ਅਤੇ ਦੂਸਰੇ ਪਾਸਿਉਂ, ਇਸ ਗੱਲ ਦੀ ਵੀ ਹਾਮੀ ਭਰਦੀ ਹੈ ਕਿ ਲੇਖਕ ਮਸਲੇ ਨੂੰ ਅੰਕਤ ਕਰਨ ਵਿਚ ਨਿਸ਼ਾਨਿਓਂ ਘੁਸਿਆ ਨਹੀਂ।**" (ਸੇਧ, ਜੁਲਾਈ 77)।

ਹੁਣ ਤੱਕ ਹੋਈ ਸਮੁੱਚੀ ਆਲੋਚਨਾ ਦੇ ਆਧਾਰ 'ਤੇ ਸਾਡੇ ਸਾਹਮਣੇ ਆਲੋਚਕਾਂ ਦੀਆਂ (ਮਾੜੇ-ਮੋਟੇ ਘਾਟੇ-ਵਾਧੇ ਨਾਲ) ਤਿੰਨ ਧਿਰਾਂ ਉਘੜਦੀਆਂ ਹਨ: **ਪਹਿਲੀ** ਉਹ ਧਿਰ ਹੈ ਜੋ 'ਲਹੂ ਦੀ ਲੋਅ' ਨੂੰ **ਸਾਹਿਤਕ-ਰਚਨਾ ਨਹੀਂ ਮੰਨਦੀ ਕਿਉਂਕਿ ਇਸ ਦਾ ਵਿਸ਼ਾ ਸਿਆਸਤ ਹੈ।... ਦੂਜੀ** ਧਿਰ ਉਹ ਜਿਸ ਨੂੰ ਇਹ ਗਿਲਾ ਹੈ ਕਿ **'ਲਹੂ ਦੀ ਲੋਅ' ਮਾਰਕਸਵਾਦ ਦੀ ਸਿਧਾਂਤਕ-ਦਸਤਾਵੇਜ਼ ਕਿਉਂ ਨਹੀਂ। ਤੀਜੀ** ਧਿਰ ਉਹ ਜਿਸ ਅਨੁਸਾਰ **'ਲਹੂ ਦੀ ਲੋਅ' ਇਕ ਅੱਛੀ ਸਾਹਿਤਕ ਕ੍ਰਿਤ ਹੈ।** ਉਂਜ ਇਕ ਚੌਥੀ ਧਿਰ ਵੀ ਮੰਨੀ ਜਾ ਸਕਦੀ ਹੈ ਕਿਉਂਕਿ ਉਹ 'ਲਹੂ ਦੀ ਲੋਅ' ਨੂੰ ਇਕ **ਸਿਧਾਂਤਕ ਦਸਤਾਵੇਜ਼** ਮੰਨਦੀ ਹੈ ਤੇ ਇਸ ਦੀ ਪ੍ਰਸ਼ੰਸਾ ਕਰਦੀ ਹੈ। (ਇਹ ਧਿਰ ਕੁਝ ਨਕਸਲੀ ਵੀਰਾਂ ਦੀ ਹੈ ਜਿਹੜੇ 'ਲਿਖਣ' ਦੀ ਥਾਂ ਕੁਝ 'ਕਰਨ' ਵਿਚ ਵਿਸ਼ਵਾਸ ਰਖਦੇ ਹਨ। ਉਹਨਾਂ ਦਾ ਵਿਚਾਰ ਹੈ ਕਿ 'ਲਹੂ ਦੀ ਲੋਅ' ਉਤੇ ਸਿਰਫ ਨਕਸਲੀਆਂ ਨੂੰ ਹੀ ਬੋਲਣ ਦਾ ਹੱਕ ਹੈ। ਇਸ ਚੌਥੀ ਧਿਰ ਬਾਰੇ ਅਸੀਂ ਚੁਪ ਹੀ ਰਹਾਂਗੇ ਕਿਉਂਕਿ ਇਕ ਤਾਂ ਉਹਨਾਂ ਦੀ ਆਲੋਚਨਾ 'ਬੋਲਣ' ਤਕ ਹੀ ਸੀਮਤ ਹੈ ਅਤੇ ਦੂਜੇ ਇਸ ਧਿਰ ਦੀ ਆਲੋਚਨਾ-ਵਿਧੀ ਨੰਬਰ ਦੋ ਵਾਲੀ ਹੀ ਹੈ।)

ਪਹਿਲਾਂ ਅਸੀਂ ਪਹਿਲੀ ਧਿਰ ਦੀ ਗੱਲ ਕਰਦੇ ਹਾਂ ਜਿਹੜੀ ਆਖਦੀ ਹੈ ਕਿ 'ਲਹੂ ਦੀ ਲੋਅ' ਸਾਹਿਤਕ ਕ੍ਰਿਤ ਹੀ ਨਹੀਂ। ਪ੍ਰੋ: ਸਤਿੰਦਰ ਸਿੰਘ ਨੂਰ ਇਸ ਰਚਨਾ ਦਾ ਪ੍ਰਸ਼ੰਸਕ ਤਾਂ ਹੈ ਪਰ ਉਸ ਅਨੁਸਾਰ "ਇਹ ਰਚਨਾ ਨਾਵਲ ਨਹੀਂ।" (ਮਾਨਸਾ ਸਮਾਗਮ ਦੀ ਰਿਪੋਰਟ, ਸੇਧ ਜੁਲਾਈ 77) ਅਕਸ ਵਿਚ (ਸਾਲਾਨ ਅੰਕ 77) 'ਲਹੂ ਦੀ ਲੋਅ' ਦਾ ਰੀਵੀਊ ਕਰਦਾ ਹੋਇਆ ਡਾ: ਅਮਰੀਕ ਸਿੰਘ ਪੁੰਨੀ ਤਾਂ ਆਪਣੇ ਰੀਵੀਊ ਲੇਖ ਦਾ ਸਿਰਲੇਖ ਹੀ ਇਹ ਰਖਦਾ ਹੈ: **ਲਹੂ ਦੀ ਲੋਅ: ਜੋ ਨਾਵਲ ਨਹੀਂ।** ਡਾ: ਪੁੰਨੀ ਲਿਖਦਾ ਹੈ: "ਇਸ ਬਾਰੇ ਇਕ ਗੱਲ ਬੜੀ ਸਪਸ਼ਟ ਰੂਪ ਵਿਚ ਸਮਝ ਲੈਣ ਦੀ ਲੋੜ ਹੈ ਇਹ ਨਾਵਲ ਨਹੀਂ। ਇਸ ਪੁਸਤਕ ਦਾ ਪ੍ਰਾਥਮਿਕ ਪ੍ਰਯੋਜਨ ਸਾਹਿਤ ਜਾਂ ਨਾਵਲ ਰਚਨਾ ਨਹੀਂ।" ਹੋਰ ਕਈ ਸਜਨ ਵੀ ਇਸ ਨੂੰ ਨਕਸਲੀ ਲਹਿਰ ਦੀ 'ਕੇਵਲ ਫੋਟੋਗਰਾਫੀ' ਹੀ ਸਮਝਦੇ ਹਨ।

ਅਚੇਤ ਜਾਂ ਸੁਚੇਤ ਉਪਰੋਕਤ ਧਾਰਨਾ ਦੇ ਆਲੋਚਕ ਬੁਰਜ਼ੁਆ ਟਕਨੀਕ ਦੇ ਆਲੋਚਕ ਹਨ ਜੋ ਸਾਹਿਤ ਵਿਚ ਸਿਆਸਤ ਸ਼ਬਦ ਤੋਂ ਸ਼ੁਦਾਈਪੁਣੇ ਦੀ ਹੱਦ ਤਕ ਚਿੜ੍ਹਦੇ ਹਨ। ਜਿਸ ਸਾਹਿਤਕ ਰਚਨਾ ਵਿਚ ਸਿਆਸਤ ਦੀ ਗੱਲ ਹੋਵੇ ਉਸ ਨੂੰ ਉਹ ਸਾਹਿਤਕ-ਰਚਨਾ ਮੰਨਣ ਤੋਂ ਹੀ ਸਿਰ ਫੇਰ ਦਿੰਦੇ ਹਨ। ਅਮੂਰਤਵਾਦ ਦਾ ਸ਼ਿਕਾਰ ਇਹ 'ਸਿਆਣੇ' ਆਲੋਚਕ ਸਾਹਿਤ ਨੂੰ ਖ਼ਲਾਅ ਵਿਚ ਲਟਕਦੀ ਕੋਈ ਸ਼ੈਅ ਸਮਝਦੇ ਹਨ। ਉਹ ਸਿਆਸਤ ਨੂੰ ਸਮਾਜ ਤੇ ਜੀਵਨ ਨਾਲੋਂ ਤੋੜ ਕੇ ਵੇਖਦੇ ਹਨ। ਸਿਆਸਤ ਇਕ ਸਮਾਜੀ ਅਮਲ ਹੈ, ਸਮਾਜ ਦੀ ਉਪਜ ਹੈ। ਦੂਜੇ ਪਾਸੇ, ਸਾਹਿਤ ਦਾ ਅਮਲੀ-ਖੇਤਰ ਸਮੁਚੇ ਸਮਾਜਕ ਰਿਸ਼ਤੇ ਅਤੇ ਪੂਰਨ ਮਨੁਖੀ ਸ਼ਖਸ਼ੀਅਤ ਹੈ। ਸਾਹਿਤ ਹਾਲਾਤ ਦੇ ਪ੍ਰਸੰਗ ਵਿਚ ਸਮਾਜਕ ਰਿਸ਼ਤਿਆਂ ਤੇ ਮਨੁਖੀ ਸ਼ਖਸ਼ੀਅਤ ਨੂੰ ਯਥਾਰਥਕ ਢੰਗ ਨਾਲ ਪੇਸ਼ ਤੇ ਮੂਰਤੀਮਾਨ ਕਰਨ ਦਾ ਨਾਂ ਹੈ। ਹਾਲਾਤ ਦੇ ਪ੍ਰਸੰਗ ਵਿਚ ਜੇ ਸਿਆਸਤ ਲੇਖਕ ਦੇ ਵਿਸ਼ੇ ਦੇ ਦਾਇਰੇ ਵਿਚ ਆ ਜਾਂਦੀ ਹੈ, ਤਾਂ ਲੇਖਕ ਦੋਸ਼ੀ ਕਿਉਂ ? ਹਾਂ, ਲੇਖਕ ਦੋਸ਼ੀ ਹੈ ਜੇ ਉਹ ਹਾਲਾਤ ਦੇ ਪ੍ਰਸੰਗ 'ਚ ਸਿਆਸਤ ਨੂੰ ਕਲਾਕਾਰ ਦੀ ਨਜ਼ਰ ਨਾਲ ਪੇਸ਼ ਨਹੀਂ ਕਰਦਾ, ਜੇ ਉਹ ਸਾਹਿਤਕਾਰ ਦੀ ਥਾਂ ਸਿਆਸਤਦਾਨ ਦੇ ਮਾਪ-ਦੰਡ ਵਰਤਦਾ ਹੈ। ਜੇ ਉਹ ਮਨੁਖੀ-ਚਿਤ੍ਰ ਸਿਰਜਣ ਦੀ ਥਾਂ ਸਿਧਾਤਾਂ ਦੀ ਪੁਸ਼ਟੀ, ਖੰਡਨ ਜਾਂ ਵਿਆਖਿਆ ਵਿਚ ਰੁਝਿਆ ਹੋਇਆ ਹੈ, ਤਾਂ ਨਿਸ਼ਚੇ ਹੀ ਉਹ ਕਲਾਕਾਰੀ ਦਾ ਪੈਂਤੜਾ ਛੱਡ ਗਿਆ ਹੈ। ਸਿਧਾਂਤ, ਵਿਚਾਰਧਰਾ ਜਾਂ ਖ਼ਿਆਲ ਉਸ ਦੀ ਰਚਨਾ ਦੇ ਰੂਪ ਦਾ ਸੀਧਾ-ਪੱਤਾ ਤਾਂ ਹੋ ਸਕਦੇ ਹਨ, ਵਸਤੂ ਨਹੀਂ। ਸਾਡੇ ਇਹ ਅਮੂਰਤਵਾਦੀ ਆਲੋਚਕ ਇਸ ਬੁਨਿਆਦੀ ਅੰਤਰ ਨੂੰ ਨਹੀਂ ਸਮਝਦੇ। ਇਸੇ ਕਰਕੇ ਉਹ ਕਿਸੇ ਵੀ ਸਾਹਿਤਕ-ਕ੍ਰਿਤ ਦਾ ਸਹੀ ਮੁਲਾਂਕਣ ਕਰਨ ਤੋਂ ਅਸਮਰਥ ਹਨ। 'ਲਹੂ ਦੀ ਲੋਅ' ਦੇ ਮੁਲਾਂਕਣ ਵੇਲੇ ਵੀ ਉਹਨਾਂ ਦੀ ਇਹੋ ਬੌਧਿਕ-ਸੀਮਾਂ ਉਹਨਾਂ ਨੂੰ ਸਹੀ ਮੁਲਾਂਕਣ ਤੋਂ ਵਰਜਦੀ ਮਹਿਸੂਸ ਹੁੰਦੀ ਹੈ।

ਦੂਜੀ ਧਿਰ ਦੇ ਆਲੋਚਕ ਵੀ ਪਹਿਲੀ ਧਿਰ ਦੀ ਆਲੋਚਨਾ-ਵਿਧੀ ਦਾ ਹੀ ਸ਼ਿਕਾਰ ਹਨ। ਫਰਕ ਕੇਵਲ ਇਤਨਾ ਹੈ ਕਿ ਜਿਥੇ ਪਹਿਲੀ ਧਿਰ ਵਾਲੇ ਸਾਹਿਤ-ਸਿਰਜਣਾ ਕੋਲੋਂ ਸਿਆਸਤ ਨਾਲੋਂ ਉੱਕਾ ਹੀ ਤੋੜ-ਵਿਛੋੜਾ ਮੰਗਦੇ ਹਨ ਉਥੇ ਦੂਜੀ ਧਿਰ ਵਾਲੇ ਸਾਹਿਤ-ਸਿਰਜਣਾ ਨੂੰ ਸਿਧਾਂਤਕ-ਦਸਤਾਵੇਜ਼ ਦੇ ਰੂਪ ਵਿਚ ਹੀ ਸਵੀਕਾਰ ਕਰਦੇ ਹਨ। 'ਲਹੂ ਦੀ ਲੋਅ' ਉਤੇ ਉਹਨਾਂ ਨੂੰ ਗਿਲਾ ਹੀ ਇਹ ਹੈ ਕਿ "ਨਾਵਲ ਵਿਚ ਇਸ ਲਹਿਰ (ਭਾਵ ਨਕਸਲੀ ਲਹਿਰ) ਨੂੰ ਨਾ ਤਾਂ ਕਮਿਊਨਿਸਟ ਤੇ ਮਾਰਕਸੀ ਲਹਿਰ ਵਜੋਂ ਪੇਸ਼ ਕੀਤਾ ਜਾ ਸਕਿਆ ਹੈ ਅਤੇ ਨਾ ਹੀ ਨਕਸਲਵਾੜੀ ਲਹਿਰ ਦੇ ਰਾਜਸੀ ਨਿਰਣੇ ਦਰੁਸਤ ਤੌਰ 'ਤੇ ਪੇਸ਼ ਕੀਤੇ ਜਾ ਸਕੇ ਹਨ।" (ਸੁਰਜੀਤ ਗਿੱਲ, ਸੇਧ, ਜੁਲਾਈ 77) ਇਸੇ ਕਰ ਕੇ ਕੰਵਲ ਉਤੇ ਉਹ ਮਾਰਕਸਵਾਦੀ ਮਿਆਰਾਂ ਦੀ ਦੁਰਵਰਤੋਂ ਦਾ ਦੋਸ਼ ਲਾਉਂਦੇ ਹਨ।

ਜਿਵੇਂ ਕਿ ਮੈਂ ਉਤੇ ਕਹਿ ਚੁਕਾ ਹਾਂ ਇਸ ਤਰ੍ਹਾਂ ਦੇ ਨਿਰਣੇ ਕਢਣ ਦਾ ਕਾਰਨ ਇਹਨਾਂ ਆਲੋਚਕਾਂ ਦੀ ਗੈਰ-ਵਿਗਿਆਨਕ ਆਲੋਚਨਾ-ਵਿਧੀ ਹੈ। ਇਹਨਾਂ ਸਜਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਕਿ ਕਿਸੇ ਸਾਹਿਤ-ਰਚਨਾ ਦਾ ਮੁਲ ਪਾਉਣ ਵੇਲੇ ਉਸ ਦੇ ਰਚਨਹਾਰ ਦੇ ਸਿਧਾਂਤਾਂ ਜਾਂ ਫਲਸਫੇ ਦਾ ਮੁਲ ਨਹੀਂ ਪਾਇਆ ਜਾਂਦਾ। ਸਿਧਾਂਤ, ਫਲਸਫਾ ਜਾਂ ਖ਼ਿਆਲਾਂ ਦਾ ਢਾਚਾ ਤਾਂ ਸਿਰਫ ਰਚਨਾ ਵਿਚਲੇ ਚਿਤਰ ਤੱਕ ਪਹੁੰਚਣ ਦਾ ਵਸੀਲਾ ਹੁੰਦਾ ਹੈ। ਅਸਲੀ ਗੱਲ ਵਿਚਲੇ ਮਨੁਖੀ ਚਿਤ੍ਰ ਦੀ ਹੀ ਹੁੰਦੀ ਹੈ। ਜੇ ਕਲਾ ਵਿਚ ਵਿਗਿਆਨ ਵਾਲੀ ਹੀ ਸਾਰੀ ਗੱਲ ਹੋਵੇ ਤਾਂ ਫਿਰ ਕਲਾ ਤੇ ਵਿਗਿਆਨ ਜਾਂ ਹੋਰ ਵਿਗਿਆਨਕ-ਸ਼ਾਸਤਰਾਂ ਵਿਚ ਫਰਕ ਕਿਥੇ ? ਸਾਹਿਤ ਹੈ ਹੀ ਬਿੰਬਾਂ ਦੀ, ਚਿਤ੍ਰਾਂ ਦੀ ਬੋਲੀ। ਇਹ ਤਾਂ ਰੂਸੀ ਸਾਹਿਤ ਆਚਾਰੀਆ ਵੀ ਮੰਨਦੇ ਨੇ : "The image is distingnished by the fact that it does not make use of theoretical, logical, experimental,



statistic and the other forms of scientific thinking in the reflection of reality, but reproduces the essential, general traits through the medium of the senses." (Mikhail Ovsyannikov in his article THE ARTISTIC IMAGE)

ਕਲਾਮਈ ਜਾਂ ਸਾਹਿਤਕ ਬਿੰਬ ਦੀ ਮਹੱਤਤਾ ਦੀ ਗੱਲ ਕਰਦਾ ਹੋਇਆ ਮਿਖਾਇਲ ਓਵਸਾਈਨੀਕੋਵ ਇਸੇ ਲੇਖ ਵਿਚ ਅਗੇ ਜਾ ਕੇ ਲਿਖਦਾ ਹੈ "Theories become outmoded, but this is never the case with true artistic images."

ਸਾਹਿਤ ਸੰਬੰਧੀ ਗਲਤ ਧਾਰਨਾ ਲਈ ਬੈਠੇ ਹੋਣ ਕਰਕੇ ਹੀ ਪਹਿਲੀ ਅਤੇ ਦੂਜੀ ਧਿਰ ਵਾਲੇ ਆਲੋਚਕ ਪਹਿਲਾਂ ਸਾਡੇ ਪੁਰਾਤਨ ਸਾਹਿਤ (ਗੁਰਬਾਣੀ, ਸੂਫੀ, ਕਿੱਸਾ ਸਾਹਿਤ ਆਦਿ) ਤੇ ਫਿਰ ਆਧੁਨਿਕ ਸਾਹਿਤ ਦਾ ਸਹੀ ਮੁਲਾਂਕਣ ਕਰਨ ਤੋਂ ਅਸਮਰਥ ਰਹੇ ਹਨ। 'ਲਹੂ ਦੀ ਲੋਅ' ਵਿਚੋਂ ਕੁਝ ਸਤਰਾਂ ਜਾਂ ਵਾਰਤਾਲਾਪ ਟੁਕੜੀਆਂ ਚੁਣ ਚੁਣ ਕੇ ਉਹ ਪਹਿਲੋਂ ਗਿਣੇ-ਮਿਥੇ ਨਤੀਜੇ ਕਢਣ ਦੀ ਕਾਹਲ ਵਿਚ ਹਨ। ਕੁਝ ਉਦਾਹਰਣਾਂ ਪੇਸ਼ ਹਨ :

**ਨਾਵਲ ਵਿਚਲਾ ਵਾਰਤਾਲਾਪ**—"ਚਾਚਾ ! ਕਿਸਾਨ ਢੱਗਿਆਂ ਨੂੰ ਵਾਹੁੰਦਾ ਏ ਤੇ ਪੁਲੀਟੀਕਲ ਲੀਡਰ ਵਰਕਰਾਂ ਨੂੰ। ਸਰਮਾਏਦਾਰ ਕਾਮੇ ਨੂੰ ਲੁਟਦਾ ਏ ਤੇ ਸਿਆਣਾ ਸਾਧਾਰਨ ਬੰਦਿਆਂ ਨੂੰ ਮੂਰਖ ਬਣਾਉਂਦਾ ਏ। ਆਪਣੀ ਨੇਕ ਕਮਾਈ ਕਰਨਾ, ਲੋਕਾਂ ਵਿਚ ਰਹਿਣਾ ਤੇ ਉਹਨਾਂ ਦੀ ਸੇਵਾ ਕਰਨ ਵਰਗਾ ਮਹਾਨ ਯੱਗ ਕੋਈ ਨਹੀਂ।"

**ਨਤੀਜਾ ਆਲੋਚਕ ਕਾਮਰੇਡ ਸੋਹਨ ਸਿੰਘ ਜੋਸ਼ ਦਾ** : "ਸੋ ਇਹ ਹੈ ਇਸ ਪੁਲਿਟਿਕਲ ਨਾਵਲ ਦਾ ਆਖ਼ਰੀ ਪੈਗਾਮ : ਪੁਲਿਟਿਕਲ ਲੀਡਰ ਵਰਕਰਾਂ ਨੂੰ ਵਾਹੁੰਦਾ ਹੈ ? ਛਡੋ ਇਸ ਸਿਆਸਤ ਨੂੰ — ਨੇਕ ਕਮਾਈ ਕਰੋ ਤੇ ਲੋਕਾਂ ਦੀ ਸੇਵਾ ਕਰੋ !"

**ਵਾਰਤਾਲਾਪ** : "ਜੇ ਉਸ ਕੰਜਰੀ ਕੋਲ ਗਿਆ, ਤੇਰੀਆਂ ਲੱਤਾਂ ਤੋੜ ਦਿਆਂਗਾ, ਨਾਲੇ ਉਸ ਕੁਤੀ ਦਾ ਮਦਊ ਭੰਨਾਂਗਾ।"

**ਨਤੀਜਾ ਫੇਰ ਕਾਮਰੇਡ ਸੋਹਨ ਸਿੰਘ ਜੋਸ਼ ਦਾ** : "ਇਹ ਕਿਸੇ ਕਮਿਊਨਿਸਟ ਦੀ ਜ਼ਬਾਨ ਨਹੀਂ ਹੋ ਸਕਦੀ, ਕਿਸੇ ਉਜੱਡ ਤੇ ਅਸਭਯ ਬੰਦੇ ਦੀ ਜ਼ਬਾਨ ਹੈ। ਕੋਈ ਕਮਿਊਨਿਸਟ ਇਸਤਰੀ ਲਈ ਇਹੋ ਜਿਹੇ ਸ਼ਬਦ ਨਹੀਂ ਵਰਤ ਸਕਦਾ।...ਲੇਖਕ ਦਾ ਕੰਮ ਸਭਿਆਚਾਰ ਦੇ ਉੱਚਾ ਕਰਨ ਵਿਚ ਵੀ ਹਿੱਸਾ ਪਾਉਣਾ ਹੈ, ਪੁਰਾਣੇ ਮਰ-ਚੁਕੇ ਜ਼ਮਾਨੇ ਦੇ ਗੰਦ-ਮੰਦ ਦੀ ਫੋਟੋਗਰਾਫੀ ਕਰਨਾ ਹੀ ਨਹੀਂ।" (ਪ੍ਰੀਤ ਲੜੀ, ਜੁਲਾਈ 77)

ਵੈਸੇ ਇਥੇ ਪ੍ਰਸੰਗੋਂ-ਬਾਹਰ ਜਾ ਕੇ ਮੈਂ ਜੋਸ਼ ਸਾਹਿਬ ਨੂੰ ਸ਼ੋਲੋਖੋਵ ਦੇ ਨਾਵਲ ਪੜ੍ਹਣ ਦੀ ਬੇਨਤੀ ਕਰਾਂਗਾ ਜਿਥੇ ਇਨਕਲਾਬ ਦੀ ਲੜਾਈ ਲੜਦੇ ਉਸ ਦੇ ਕਈ ਪਾਤਰ ਪਰਾਈਆਂ ਇਸਤ੍ਰੀਆਂ ਦੇ ਬਿਸਤ੍ਰਿਆਂ ਵਿਚ ਜਾ ਵੜਦੇ ਹਨ।

**ਵਾਰਤਾਲਾਪ** : "ਅਸੀਂ ਇਥੇ ਸਿਰਲੱਥਾਂ ਦੀ ਜਥੇਬੰਦੀ ਬੰਨ੍ਹਣ ਵਾਸਤੇ ਜੁੜੇ ਆਂ।"

**ਵਾਕੰਸ** : "ਸਿਰਲੱਥਾਂ ਦਾ ਜਥਾ ਬਣਾ ਕੇ ਬਰਮੀਆਂ ਫਿਰਣ" ਦੀ ਗੱਲ ਕੀਤੀ ਜਾਂਦੀ ਹੈ।... "ਬਾਬਾ ਦੀਪ ਸਿੰਘ ਵਾਂਗ ਸਿਰ ਤਲੀ 'ਤੇ ਧਰਨ" ਦੀ ਗੱਲ ਕੀਤੀ ਜਾਂਦੀ ਹੈ...

**ਨਤੀਜਾ ਸਾਥੀ ਸੁਰਜੀਤ ਗਿੱਲ ਦਾ** : ਇਹ ਕੁਝ ਨਾ ਮਾਰਕਸਵਾਦ ਹੈ, ਨਾ ਮਾਓਵਾਦ ਕੇਵਲ ਧੁੰਦਲਾ ਆਦਰਸ਼ਵਾਦ ਹੈ। (ਸੇਧ, ਜੁਲਾਈ, 77)

**ਵਾਰਤਾਲਾਪ** : "ਇਹ ਇਕ ਤਹਿਰੀਕ ਸੀ ਆਪਣੀ ਕਿਸਮ ਦੀ । ਕਿਤੋਂ ਉੱਠੀ ਕੀ ਲੋੜ ਸੀ ? ਕਿਹੜੇ ਕਾਰਨ ਢਿੱਲੀ ਪੈ ਗਈ ? ਮੈਂ ਇਹ ਕੁਝ ਇੰਟਰਵਿਊ ਰਾਹੀਂ ਜਾਣਿਆ ਚਾਹੁੰਦਾ ਹਾਂ ।"

**ਨਤੀਜਾ ਡਾ: ਅਮਰੀਕ ਸਿੰਘ ਪੁਨੀ ਦਾ** : "ਸਾਰੀ ਪੁਸਤਕ ਪੜ੍ਹ ਲੈਣ ਤੋਂ ਬਾਅਦ ਵੀ ਜੇ ਇਸ ਦੇ ਨਾਵਲ ਹੋਣ ਸੰਬੰਧੀ ਹਲਕਾ ਜਿਹਾ ਭਰਮ ਬਾਕੀ ਰਹਿ ਜਾਂਦਾ ਹੈ ਤਾਂ ਉਸ ਨੂੰ ਦੂਰ ਕਰਨ ਲਈ ਪੁਸਤਕ ਦਾ ਅੰਤਮ ਅਧਿਆਇ ਕਾਫੀ ਹੈ (ਜਿਥੇ ਸੁਰਮੇਲ ਉਪਰੋਕਤ ਵਾਰਤਾਲਾਪ ਕਹਿੰਦਾ ਹੈ), (ਅਕਸ, ਜੁਲਾਈ 77)

ਉਪਰੋਕਤ ਦੋਵੇਂ ਧਿਰਾਂ ਰਚਨਾ ਵਿਚ ਪੇਸ਼ ਸਮਾਜਕ ਮਨੁਖੀ ਅਸਲੇ ਦੀ ਨਾੜ ਨੂੰ ਪਕੜਨ ਦੀ ਥਾਂ ਉਪਰਲੀਆਂ ਗੱਲਾਂ 'ਤੇ ਆਪਣੀ ਮਗਜ਼ ਖ਼ਪਾਈ ਕਰ ਰਹੀਆਂ ਹਨ । ਉਹ ਨਹੀਂ ਵੇਖਦੀਆਂ ਕਿ ਕੰਵਲ ਨੇ ਸਾਹਿਤ ਦੀ ਬੋਲੀ, ਮਨੁਖੀ ਚਿੱਤਰਾਂ ਦੀ ਬੋਲੀ ਰਾਹੀਂ ਕਿਸ ਸਮਾਜਕ ਅਸਲੀਅਤ ਨੂੰ ਚਿਤ੍ਰਿਆ ਹੈ । ਇਸ ਤੱਥ ਨੂੰ ਤੀਜੀ ਧਿਰ, ਜਿਸ ਦਾ ਮੋਹਰੀ ਪ੍ਰੋ: ਕਿਸ਼ਨ ਸਿੰਘ ਹੈ, ਨੇ ਸਮਝਿਆ ਹੈ । ਪ੍ਰੋ: ਕਿਸ਼ਨ ਸਿੰਘ ਲਿਖਦਾ ਹੈ "ਕੰਵਲ ਦੀ ਇਸ ਨੁਕਤੇ (ਸਰਬਤ ਦੀ ਆਜ਼ਾਦੀ-ਹਿੱਤੀ ਕੀਮਤਾਂ ਦਾ ਨੁਕਤਾ) ਬਾਬਤ ਪ੍ਰਾਪਤੀ ਇਹ ਹੈ ਕਿ ਉਸ ਨੇ ਦੋਹਾਂ ਲਹਿਰਾਂ (ਸਿਖ ਲਹਿਰ ਤੇ ਨਕਸਲੀ ਲਹਿਰ) ਦੀਆਂ ਕੀਮਤਾਂ ਨੂੰ ਇਕ ਦੂਜੇ ਦੇ ਸਾਹਮਣੇ ਕਰ ਕੇ ਵਿਖਾ ਦਿਤਾ ਹੈ ਕਿ ਦੋਹਾਂ ਦਾ ਸਮਾਜਕ ਮਨੁਖੀ ਅਸਲਾ ਇਕ ਹੈ ਅਤੇ ਉਹ ਹੈ **ਸਰਬਤ ਦੀ ਆਜ਼ਾਦੀ** ।" (ਸੇਧ, ਜੁਲਾਈ 77) ਸੋ ਦੇਖਣ ਵਾਲੀ ਗੱਲ ਗੁੱਦੇ ਦੀ ਹੈ, ਛਿਲੜਾਂ ਦੀ ਨਹੀਂ । ਕੰਵਲ ਨੇ ਮੁਖ ਚਿਤ੍ਰ ਉਸਾਰਿਆ ਹੀ ਇਕ ਹੈ : **ਮਨੁਖੀ ਆਜ਼ਾਦੀ ਤੇ ਇਸ ਦੇ ਪੈਂਤੜੇ 'ਤੇ ਆਇਆ ਇਨਕਲਾਬੀ ਮਨੁਖ ਭਾਵ ਨਕਸਲਬਾੜੀਆਂ ਦੀ ਬੁਰਜੁਆ ਸਟੇਟ ਨਾਲ ਟਕਰ** । (ਇਹ ਨੁਕਤਾ ਮੈਂ ਸੇਧ, ਜੂਨ ਅੰਕ ਵਿਚਲੇ ਆਪਣੇ ਲੇਖ ਵਿਚ ਚੰਗੀ ਤਰ੍ਹਾਂ ਵਿਸਤਾਰ ਨਾਲ ਸਪਸ਼ਟ ਕੀਤਾ ਹੈ, ਇਸ ਲਈ ਇਹਦੇ ਵਿਸਤਾਰ 'ਚ ਜਾਣ ਦੀ ਲੋੜ ਨਹੀਂ)

ਸਾਥੀ ਸੁਰਜੀਤ ਗਿੱਲ ਦਾ ਇਹ ਕਹਿਣਾ ਦਰੁਸਤ ਹੈ ਕਿ ਨਾਵਲ ਵਿਚ ਕੰਵਲ ਖ਼ੁਦ ਅਤੇ ਉਸ ਦੇ ਬਹੁਤ ਸਾਰੇ ਪਾਤਰ ਸਿਧਾਂਤਕ ਉਕਾਈਆਂ ਦਾ ਸ਼ਿਕਾਰ ਹਨ । ਇਹ ਵੀ ਠੀਕ ਹੈ ਕਿ ਨਾਵਲ ਵਿਚ ਦੇਸ਼ ਦੀ ਰਾਜਸੀ ਸਥਿਤੀ ਜਾਂ ਸਟੇਟ ਦੇ ਕਰੈਕਟਰ ਦਾ ਨਿਰਣਾ ਨਕਸਲਵਾਦੀ ਨਿਰਣੇ ਦੇ ਮੁਤਾਬਿਕ ਨਹੀਂ । ਨਕਸਲੀਆਂ ਦੇ ਨਿਰਣੇ ਮੁਤਾਬਿਕ ਭਾਰਤੀ ਸਟੇਟ ਦਾ ਕਰੈਕਟਰ ਸਰਮਾਏਦਾਰੀ-ਜਾਗੀਰਦਾਰੀ ਦੀ ਭਿਆਲੀ ਵਾਲਾ ਹੈ ਜਿਸ ਉਤੇ ਕਦੇ ਅਮਰੀਕਨ ਸਾਮਰਾਜ ਭਾਰੂ ਹੋ ਜਾਂਦਾ ਹੈ ਤੇ ਕਦੇ ਰੂਸੀ ਸਮਾਜਕ ਸਾਮਰਾਜ ! ਪਰ ਇਸ ਜਾਂ ਇਸ ਜਿਹੀਆਂ ਹੋਰ ਸਿਧਾਂਤਕ ਉਕਾਈਆਂ ਦੇ ਬਾਵਜੂਦ ਕੰਵਲ ਆਪਣੇ ਬੁਨਿਆਦੀ ਸਾਹਿਤਕ-ਕਾਰਜ ਵਿਚ ਸਫਲ ਹੈ । ਇਹਨਾਂ ਊਣਤਾਈਆਂ ਦੇ ਆਧਾਰ 'ਤੇ ਅਸੀਂ ਉਸ ਦੀ ਇਸ ਰਚਨਾ ਦੇ ਰੋਲ ਵਲੋਂ ਬੇਮੁਖ ਨਹੀਂ ਹੋ ਸਕਦੇ । ਕੰਵਲ ਨੇ ਸ਼ਿਸਤ ਠੀਕ ਬੰਨ੍ਹੀ ਹੈ, ਨਿਸ਼ਾਨਾ ਵੀ ਠੀਕ ਲਾਇਆ ਹੈ, ਸਿਧਾਂਤਕ ਗੱਲਾਂ ਤਾਂ ਸਿਰਫ ਆਲੇ-ਦੁਆਲੇ ਦੀ ਓਟ ਵਜੋਂ ਵਰਤੀਆਂ ਹਨ ਤਾਂ ਜੋ ਗੋਲੀ ਨਿਸ਼ਾਨੇ ਤੋਂ ਇਧਰ-ਉਧਰ ਨਾ ਵਜੇ ।

ਲਗਦੇ ਹੱਥ ਮੇਰੇ ਉਤੇ ਸੁਰਜੀਤ ਗਿੱਲ ਦੇ ਸੇਧ (ਜੁਲਾਈ) ਵਿਚ ਲਾਏ ਦੋਸ਼ ਦਾ ਜਵਾਬ ਵੀ ਮੈਂ ਦੇ ਦੇਵਾਂ । ਉਸ ਨੇ ਲਿਖਿਆ ਹੈ : ਪ੍ਰੋ: ਅਜਮੇਰ ਸਿੰਘ ਔਲਖ 'ਲਹੂ ਦੀ ਲੋਅ' ਨੂੰ ਆਪਣੇ ਲੇਖ (ਸੇਧ ਜੂਨ-77) ਵਿਚ ਇਕ ਇਤਿਹਾਸਕ ਤੇ ਰਾਜਸੀ ਦਸਤਾਵੇਜ਼ ਮੰਨਦਾ ਹੈ । (ਹਾਲਾਂ ਕਿ ਮਾਨਸਾ ਵਿਖੇ ਉਹ ਤੇ ਉਹਦੇ ਪੱਖੀ ਇਹ ਗੱਲ ਮੰਨਣ ਲਈ ਤਿਆਰ ਨਹੀਂ ਸਨ)" । ਇਸ ਸੰਬੰਧੀ ਪਹਿਲੀ



ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਮਾਨਸਾ ਸਮਾਗਮ ਵੇਲੇ ਮੈਂ ਸਿਰਫ ਸਟੇਜ-ਸਕੱਤ੍ਰੀ ਦੀ ਸੇਵਾ ਨਿਭਾਈ ਸੀ, ਆਪਣੇ ਵਿਚਾਰ ਉੱਕਾ ਹੀ ਪਰਗਟ ਨਹੀਂ ਸਨ ਕੀਤੇ । ਇਸ ਲਈ ਮੇਰੇ ਮੂੰਹ ਵਿਚ ਐਵੇਂ ਕੋਈ ਕਥਨ ਪਾ ਦੇਣਾ, ਸਾਹਿਤਕ ਜਾਂ ਆਲੋਚਕ ਦਿਆਨਤਦਾਰੀ ਨਹੀਂ । 'ਮੇਰੇ ਪੱਖੀ' ਕਿਹੜੇ ਸਨ, ਉਹਨਾਂ ਦਾ ਮੈਨੂੰ ਤਾਂ ਪਤਾ ਨਹੀਂ । ਹਾਂ, ਜੋ ਗਿੱਲ ਸਾਹਿਬ ਨੇ ਫਰਜ਼ ਕਰ ਲਏ ਹਨ ਤਾਂ ਇਹਦਾ ਕੋਈ ਇਲਾਜ਼ ਨਹੀਂ ।

ਦੂਜੀ ਗੱਲ 'ਲਹੂ ਦੀ ਲੋਅ' ਨੂੰ ਇਤਿਹਾਸਕ ਤੇ ਰਾਜਸੀ ਦਸਤਾਵੇਜ਼ ਕਹਿਣ ਦੀ ਹੈ । ਆਪਣੇ ਲੇਖ ਵਿਚ 'ਇਤਿਹਾਸਕ ਤੇ ਰਾਜਸੀ ਦਸਤਾਵੇਜ਼' ਦਾ ਮੇਰਾ ਮਤਲਬ ਸਿਰਫ ਇਤਨਾ ਹੀ ਹੈ ਕਿ ਇਸ ਨਾਵਲ ਦਾ ਕਾਰਜ ਖੇਤਰ ਸਮਾਜ ਦਾ ਇਕ ਸਿਆਸੀ ਖੇਤਰ ਹੈ ਜੋ ਨਕਸਲੀ ਲਹਿਰ ਦੀਆਂ ਬਹੁਤ ਸਾਰੀਆਂ ਇਤਿਹਾਸਕ-ਘਟਨਾਵਾਂ ਨਾਲ ਮਿਲਦਾ-ਜੁਲਦਾ ਹੈ । ਇਤਿਹਾਸਕ ਜਾਂ ਸਿਆਸੀ ਦਸਤਾਵੇਜ਼ ਦਾ ਇਹ ਮਤਲਬ ਉੱਕਾ ਹੀ ਨਹੀਂ ਕਿ ਇਹ ਕਿਸੇ ਸਿਆਸੀ ਪਾਰਟੀ ਦਾ ਮੈਨੀਫੈਸਟੋ ਜਾਂ ਸਿਧਾਂਤਕ ਦਸਤਾਵੇਜ਼ ਹੈ ।

ਸੁਰਜੀਤ ਗਿੱਲ ਨੇ ਇਹ ਵੀ ਗਿਲਾ ਕੀਤਾ ਹੈ ਕਿ "29 ਮਈ 1977 ਨੂੰ ਮਾਨਸਾ ਵਿਖੇ 'ਲਹੂ ਦੀ ਲੋਅ' ਤੇ ਇਕ ਗੋਸ਼ਟੀ ਹੋਈ ਸੀ, ਜਿਸ ਦਾ ਪ੍ਰਬੰਧਕ ਪ੍ਰੋ: ਅਜਮੇਰ ਸਿੰਘ ਔਲਖ ਸੀ । ਉਸ ਵਿਚ ਸੱਦਾ ਪੱਤਰ ਦੇ ਕੇ ਵੀ ਲਖਕ (ਭਾਵ ਸੁਰਜੀਤ ਗਿੱਲ) ਨੂੰ ਬੋਲਣ ਨਾ ਦਿਤਾ ਗਿਆ ।" ਸਾਥੀ ਸੁਰਜੀਤ ਗਿੱਲ ਨੂੰ ਬਾਕਾਇਦਾ ਬੋਲਣ ਦਾ ਮੌਕਾ ਦਿਤਾ ਗਿਆ ਸੀ, ਇਹ ਗੱਲ ਸਾਰੇ ਹਾਜ਼ਰ ਸਰੋਤੇ ਜਾਣਦੇ ਹਨ । ਮੁਖ-ਪ੍ਰਬੰਧਕ ਤੇ ਸਟੇਜ ਸਕੱਤ੍ਰ ਦੇ ਤੌਰ 'ਤੇ ਜਿੰਨਾਂ ਮੈਂ ਕਰ ਸਕਦਾ ਸੀ, ਕਰ ਦਿੱਤਾ ਸੀ । ਬਾਅਦ ਵਿਚ ਸਰੋਤਿਆਂ ਵਿਚੋਂ ਜੇ ਕਿਸੇ ਨੇ ਉਠ ਕੇ ਉਨ੍ਹਾਂ ਦੇ ਬੋਲਣ ਵਿਚ ਵਿਘਨ ਪਾਇਆ ਤਾਂ ਉਸ ਦਾ ਕਸੂਰਵਾਰ ਮੈਂ ਨਹੀਂ । ਮੈਂ ਸਰੋਤਿਆਂ ਨੂੰ ਵਿਘਨ ਨਾ ਪਾਉਣ ਲਈ ਬੇਨਤੀ ਹੀ ਕਰ ਸਕਦਾ ਸਾਂ, ਉਹ ਮੈਂ ਕੀਤੀ ਤੇ ਉਨ੍ਹਾਂ ਕਬੂਲ ਵੀ ਕੀਤੀ । ਮੈਂ ਲਿਖਾਰੀ ਸਭਾ ਤੇ ਆਪਣੇ ਵਲੋਂ ਮੁਆਫ਼ੀ ਵੀ ਮੰਗੀ । ਜਿਨ੍ਹਾਂ ਨੇ ਵਿਘਨ ਪਾਇਆ, ਉਨ੍ਹਾਂ ਦੇ ਇਸ ਕਦਮ ਨੂੰ ਮੈਂ ਹੁਣ ਵੀ ਚੰਗਾ ਨਹੀਂ ਸਮਝਦਾ । ਮੇਰਾ ਮੱਤ ਹੈ : ਹਰ ਇਕ ਦੇ ਵਿਚਾਰ ਧੀਰਜ ਨਾਲ ਸੁਣਨੇ ਚਾਹੀਦੇ ਹਨ ਤੇ ਆਪਣੇ ਧੀਰਜ ਨਾਲ ਪੇਸ਼ ਕਰਨੇ ਚਾਹੀਦੇ ਹਨ ।

—ਅਜਮੇਰ ਸਿੰਘ ਔਲਖ

---

Send subscriptions & donations to :

* Mrs. S. SAINI
95, BURNS AVE.,
SOUTHALL, MIDDX
U.K.

* G. S. PANNU
3368 E, 27th AVE.,
VANCOUVER-16 (B.C.)
CANADA

**Price : Rs. 1.50 Per Copy**

**Subscription :**

**Annual (India) : Rs. 15**

**U.K., U.S.A., Canada : £ 5 / $ 10 (By Air) £2.50 / $5 (By Sea)**

**(Pakistan) : Rs. 30**

**Life membership : Rs. 100**

**£50 / $100 (By Air) : £ 25 or $ 50 (By Sea)**

S E D H (Direction) AUGUST, 197
Registered with the Registrar of Newspapers
for India—Registration No. 23895/72 Regd. No. D (S) 022

ਸਮੇਂ ਦੇ ਨਾਲ ਚਲਦਿਆਂ
ਪੰਜਾਬ ਮਾਰਕਫੈਡ
ਅੱਗੇ ਵਧ ਰਿਹਾ ਹੈ

ਸਾਲ ਦੌਰਾਨ ਕੀਤਾ ਬਿਜ਼ਨਿਸ 400 ਕਰੋੜ ਰੁਪੈ

**ਪੰਜਾਬ ਮਾਰਕਫੈਡ ਕਿਸਾਨ ਦਾ ਇਕ ਦੋਸਤ :**

10 ਲੱਖ ਟਨ ਕਣਕ ਦੀ ਵਸੂਲੀ ਤੇ ਵਿਕਰੀ, 10 ਲੱਖ ਟਨ ਖਾਦ ਦੀ ਖ਼ਰੀਦ ਤੇ ਵਿਕਰੀ, ਕਪਾਹ ਅਤੇ ਧਾਨ ਦੀ ਵਸੂਲੀ, ਕੀੜੇ ਮਾਰ ਦਵਾਈਆਂ ਦੀ ਵੰਡ।

**ਖੇਤੀ-ਬਾੜੀ ਸੇਵਾਵਾਂ :**

ਫ਼ਸਲਾਂ ਤੇ ਹਵਾਈ ਸਪਰੇ, ਧੂਰੀ, ਅਨੰਦਪੁਰ ਸਾਹਿਬ ਤੇ ਲੁਧਿਆਣਾ ਵਿਖੇ ਦਾਣੇਦਾਰ ਖ਼ਾਦ ਦੇ ਤਿੰਨ ਪਲਾਂਟ, ਇਸ ਦੀ 110 ਹਾਰਵੈਸਟਿੰਗ ਕੰਬਾਈਨਾਂ ਦੀ ਫਲੀਟ ਨਾਲ ਕਣਕ ਤੇ ਧਾਨ ਦੀਆਂ ਫਸਲਾਂ ਦੀ ਕਟਾਈ, ਟਰੈਕਟਰਾਂ ਦੀ ਵਰਤੋਂ, ਪਾਣੀ ਤੇ ਜ਼ਮੀਨ ਦੀ ਮੁਫ਼ਤ ਟੈਸਟਿੰਗ, ਸਿੰਜਾਈ ਵਾਸਤੇ ਵਰਤੋਂ ਲਈ ਮਾਰਕਫੈਡ ਹਿਊਮ ਪਾਈਪ, ਵੇਅਰ ਹਾਸਿੰਗ।

**ਸਨਅੱਤੀ ਸਰਗਰਮੀਆਂ :**

ਮਾਰਕਫੈਡ ਆਇਲ ਕੰਪਲੈਕਸ ਜਿਸ ਦੇ ਤਿੰਨ ਆਇਲ ਯੂਨਿਟ ਹਨ : ਖੰਨਾ ਵਿਖੇ ਮਾਰਕਫੈਡ ਬਨਾਸਪਤੀ ਪਲਾਂਟ, ਮਾਰਕਫੈਡ ਰੀਫਾਈਂਡ ਆਇਲ ਇੰਡਸਟਰੀਜ਼, ਕਪੂਰਥਲਾ, ਮਾਰਕਫੈਡ ਕਾਟਨ ਸੀਡ ਪਲਾਂਟ, ਗਿੱਦੜਬਾਹਾ, ਜਿਸ ਦੀ ਕੁੱਲ ਸਮਰੱਥਾ 160 ਟਨ ਪ੍ਰਤੀ ਦਿਨ ਹੈ। ਰਾਜਪੁਰਾ ਅਤੇ ਪਟਿਆਲਾ ਵਿਖੇ ਮਾਡਰਨ ਰਾਈਸ ਮਿਲਜ਼, ਜਲੰਧਰ ਵਿਖੇ ਕੈਨਰੀਜ਼ ਅਤੇ ਕੋਟ ਕਪੂਰਾ ਵਿਖੇ ਉਸਰ ਰਹੀ 5 ਕਰੋੜ ਰੁਪੈ ਦੀ ਕਾਟਨ ਸਪਿਨਿੰਗ ਮਿਲ, ਮਾਰਕਫੈਡ ਦੀ ਸਨਅਤੀ ਪ੍ਰਗਤੀ ਦੀਆਂ ਪ੍ਰਤੀਕ ਹਨ।

**ਹਰਦੇਵ ਸਿੰਘ ਛੀਨਾ, ਆਈ.ਏ.ਐਸ.**
ਚੇਅਰਮੈਨ

**ਮਨਮੋਹਨ ਸਿੰਘ, ਆਈ.ਏ.ਐਸ.**
ਮੈਨੇਜਿੰਗ ਡਾਇਰੈਕਟਰ

ਦੀ ਪੰਜਾਬ ਸਟੇਟ ਕੋਆਪਰੇਟਿਵ ਸਪਲਾਈ ਐਂਡ
ਮਾਰਕੀਟਿੰਗ ਫੈਡਰੇਸ਼ਨ ਲਿਮਿਟਡ ਸੈਕਟਰ-17 ਸੀ, ਚੰਡੀਗੜ੍ਹ।